ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਿਜੁਗ

ਕੁੰਡਲੀਆ

ਦਿਆਲ ਸਿੰਘ ਪ੍ਰਤਾਪ ਪੁਰਾ ਲੁਹਾਰ

ਰਾਮ ਸਿੰਘ ਸਤਿਗੁਰੂ ਜੀ ਪ੍ਰਗਟੇ ਰੂਪ ਮੁਰਾਰ।
ਜਗਤ ਉਧਾਰਨ ਕੇ ਨਮਿਤ ਲੀਨੋ ਹੈ ਅਵਤਾਰ।
ਲੀਨੋ ਹੈ ਅਵਤਾਰ ਗਊ ਰਖਸ਼ਾ ਦੇ ਕਾਰਨ।
ਦੁਖ ਭੰਜਨ ਕ੍ਰਿਪਾਲ ਸੁ ਜਮ ਕੀ ਤਰਾਸ ਨਿਵਾਰਨ।
ਨਰ ਨਾਰੀ ਕੋ ਆਪ ਦੀਓ ਮੁਖ ਅੰਮ੍ਰਿਤ ਨਾਮ।
ਦੁਆਦਸ ਗੁਰ ਕੋ ਅਨਿਕ ਬਾਰ ਮੇਰੀ ਪ੍ਰਨਾਮ।

ਸ੍ਰੀ ਜੀਵਨ ਨਗਰ

Namdhari Elibrary NamdhariElibrary@gmail.com

ਸ਼੍ਰੋਮਣੀ ਕਮੇਟੀ ਦੇ ਧਿਆਨ ਯੋਗ

੧੪ ਫਗਣ ਦੇ "ਖਾਲਸਾ ਐਡਵੋਕੇਟ" ਤੋਂ ਪਤਾ ਲਗਦਾ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਗੁਰੂ ਨਾਨਕਦੇਵ ਜੀ ਦੀ ੫੦੦ ਵੀਂ ਵਰ੍ਹੇ ਗੰਢ ਤੇ ਸਿਖ ਇਤਿਹਾਸ ਛਪਵਾਕੇ ਤਿਆਰ ਕਰਵਾ ਰਹੀ ਹੈ। ਇਸ ਇਤਿਹਾਸ ਨੂੰ ਲਿਖਣ ਵਾਲਿਆਂ ਵਿਚੋਂ ਸਭ ਤੋਂ ਖਾਸ ਤੌਰ ਤੇ ਡਾ: ਗੰਡਾ ਸਿੰਘ ਜੀ ਦੇ ਨਾਮ ਦਾ ਵਰਣਨ ਕੀਤਾ ਹੈ।

ਅਸੀਂ ਇਨਾਂ ਸਤਰਾਂ ਰਾਹੀਂ ਸ੍ਰੋਮਣੀ ਕਮੇਟੀ ਦਾ ਧਿਆਨ ਡਾ. ਗੰਡਾ ਸਿੰਘ ਜੀ ਦੀ ਲਿਖੀ ਹੋਈ ਕਤਾਬ "ਕੂਕਿਆਂ ਦੀ ਵਿਥਿਆ" ਵਲ ਦਵੌਂਦੇ ਹਾਂ, ਜਿਸ ਵਿਚ ਡਾਕਟਰ ਸਾਹਿਬ ਨੇ ਨਾਮਧਾਰੀ ਇਤਿਹਾਸ ਨੂੰ ਸਚਾਈ ਛਡਕੇ ਬਹੁਤ ਭੈੜੇ ਤਰੀਕੇ ਨਾਲ ਲਿਖਿਆ ਹੈ। ਅਸੀਂ ਨਹੀਂ ਚਾਹੁੰਦੇ ਕਿ ਇਹੋ ਜਹੀਆਂ ਗਲਾਂ ਤੋਂ ਅਸੀਂ ਆਪਸ ਵਿਚ ਹਮੇਸ਼ਾਂ ਇਕ ਦੂਜੇ ਦੇ ਖਿਲਾਫ ਲਿਖਦੇ ਰਹੀਏ। ਪਰ, ਬਾਰ ਬਾਰ ਅਸਲੀਅਤ ਨੂੰ ਛੁਪਾਕੇ ਓਸਨੂੰ ਗਲਤ ਸ਼ਕਲ ਵਿਚ ਲੋਕਾਂ ਸੌਹੇਂ ਪੇਸ਼ ਕਰਨਾਂ ਇਸ ਚੀਜ ਤੋਂ ਤੰਗ ਆਕੇ ਕੁਛ ਨਾਂ ਕੁਛ ਜਰੂਰ ਕਹਿਣਾਂ ਪੈ ਜਾਂਦਾ ਹੈ।

ਹੁਣ ਫੇਰ ਡਾਕਟਰ ਗੰਡਾ ਸਿੰਘ ਜੀ ਦਾ ਨਾਮ ਸਿਖ ਇਤਿਹਾਸ ਲਿਖਣ ਲਈ ਸਭ ਤੋਂ ਉਤੇ ਵਰਣਨ ਕੀਤਾ ਗਿਆ ਹੈ।

ਅਸੀਂ ਸ੍ਰੋਮਣੀ ਕਮੇਟੀ ਦੀ ਸੇਵਾ ਵਿਚ ਸਨਿਮ੍ਰ ਬੇਨਤੀ ਕਰਨਾਂ ਚਾਹੁੰਦੇ ਹਾਂ ਕਿ ਸਿਖ ਇਤਿਹਾਸ ਵਿਚ ਜਿਥੇ ਨਾਮਧਾਰੀ ਇਤਿਹਾਸ ਦਾ ਜ਼ਿਕਰ ਆਵੇ ਓਥੇ ਨਾਮਧਾਰੀ ਇਤਿਹਾਸ ਦੀ ਅਸਲੀਅਤ ਨੂੰ ਵਿਗਾੜਕੇ ਨਾਂ ਲਿਖਿਆ ਜਾਵੇ। ਇਸ ਨਾਲ ਸਿਖ ਪੰਥ ਦੇ ਆਪਸ ਵਿਚ ਦੇ ਮਿਲਾਪ ਨੂੰ ਨੁਕਸਾਨ ਪਹੁੰਚਦਾ ਹੈ। ਸਿਖ ਪੰਥ ਦੀ ਹਾਲਤ ਅਗੇ ਹੀ ਤਰਸ ਯੋਗ ਹੈ ਤੇ ਜੇ ਅਸੀਂ ਇਤਿਹਾਸ ਲਿਖਣ ਲਗਿਆਂ ਐਸੇ ਤਰੀਕੇ ਅਖਤਿਆਰ ਕਰੀਏ ਜਿਸ ਨਾਲ ਆਪਸ ਵਿਚ ਫੁਟ ਦਾ ਵਾਧਾ ਹੋਵੇ ਤਾਂ ਏਹ ਚੀਜ ਸਾਨੂੰ ਹੋਰ ਵੀ ਥਲੇ ਲੈ ਜਾਵੇਗੀ।

ਆਸ ਹੈ ਕਿ ਸ੍ਰੋਮਣੀ ਕਮੇਟੀ ਇਸ ਸਬੰਧ ਵਿਚ ਐਸਾ ਯੋਗ ਕਦਮ ਉਠਾਏਗੀ ਜਿਸ ਨਾਲ ਨਾਮਧਾਰੀ ਪੰਥ ਦਾ ਦਿਲ ਨਹੀਂ ਦੁਖੇਗਾ।

ਪਾਠਕਾਂ ਦੇ ਧਿਆਨ ਯੋਗ

ਸ੍ਰੀ ਭੈਣੀ ਹੋਲੇ ਤੇ ਔਂਦਿਆਂ ਆਪੋ ਆਪਣੇ ਬਕਾਇਆ ਚੰਦੇ ਜਰੂਰ ਲਈ ਔਣੇ ਧੰਨਵਾਦੀ ਹੋਵਾਂਗੇ।

ਦਾਸ– ਮੈਨੇਜਰ 'ਸਤਿਜੁਗ'

ਸ੍ਰੀ ਜੀਵਨ ਨਗਰ

Namdhari Elibrary NamdhariElibrary@gmail.com

੧ ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ।

ਕਲਿਜੁਗ ਮੈਂ ਸਤਿਜੁਗ ਵਰਤਾਊਂ। ਤਬੀ ਬਾਰਵਾਂ ਬਪ ਕਹਾਊਂ।

ਚੰਦਾ
ਦੇਸ ਸਲਾਨਾ ੬)
ਛਮਾਹੀ ੩॥)

ਸਤਿਜੁਗ

ਚੰਦਾ
ਪ੍ਰਦੇਸ ਸਲਾਨਾ ੮)
ਛਮਾਹੀ ੪॥)

ਸ੍ਰੀ ਜੀਵਨ ਨਗਰ

ਜਿ: ੩੨] ਫਗਣ ੨੦੧੩ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੨ [ਨੰ: ੨

ਨਾਮਧਾਰੀ ਕਾਰਖਾਨੇ

ਸਮੇਂ ਦੇ ਨਾਲ ਜਿਸਨੇ ਬਦਲਨਾਂ ਸਿਖ ਲਿਆ ਵਡਾ ਹੋ ਗਿਆ। ਅਜ ਦੇ ਸਮੇਂ ਦੀਆਂ ਲੋੜਾਂ ਪਹਿਲਾਂ ਨਾਲੋਂ ਕਿਤੇ ਵਖਰੀਆਂ ਹਨ। ਜੋ ਕੰਮ ਅਗੇ ਇਕ ਵਿਅਕਤੀ ਕਰ ਸਕਦਾ ਸੀ ਓਹ ਕੰਮ ਅਜ ਕਈ ਆਦਮੀ ਮੰਗਦਾ ਹੈ। ਪਰ ਕਈ ਕੰਮ ਅਜੇਹੇ ਵੀ ਹੈਨ ਜਿੰਨ੍ਹਾਂ ਵਿਚ ਕਈਆਂ ਨਾਲੋਂ ਵੀ ਵਧੇਰੇ ਆਦਮੀਆਂ ਦੀ ਲੋੜ ਹੈ। ਅਤੇ ਵਧੇਰੇ ਆਦਮੀ ਰਲਕੇ ਹੀ ਉਸ ਕੰਮ ਨੂੰ ਕਾਮਯਾਬੀ ਨਾਲ ਚਲਾ ਸਕਦੇ ਹੋਨ।

ਐਤਕਾਂ ਦਿਲੀ ਮੈਂ ਦੋ ਕਾਰਖਾਨੇ ਵੇਖੇ ਇਕ ਕੂਕਾ ਵਰਕਸ-ਜਿਥੇ 'ਫਰੀਵੀਲ' ਬਣਦੇ ਹਨ ਤੇ ਦੂਸਰਾ ਸਾਕਟ ਬਣੌਣ ਵਾਲਾ ਸ: ਵਜ਼ੀਰ ਜੀ ਦਾ ਕਾਰਖਾਨਾ। ਦੋਹਾਂ ਕਾਰਖਾਨਿਆਂ ਦਾ ਦਾ ਕੰਮ ਵਲੈਤੀ ਦੇ ਮੁਕਾਬਲੇ ਦਾ ਸੀ। ਮੈਨੂੰ ਬੜੀ ਖੁਸ਼ੀ ਹੋਈ ਇਹਨਾਂ ਕਾਰਖਾਨਿਆਂ ਦਾ ਬਣਿਆਂ ਸਮਾਨ ਵੇਖਕੇ। ਮਿਸਤਰੀ ਗੰਡਾ ਸਿੰਘ ਜੀ ਦੇ ਕਾਰਖਾਨੇ ਦੀਆਂ ਮਸ਼ੀਨਾਂ ਵੇਖਕੇ ਮੇਰਾ ਮਨ ਨਚ ਉਠਿਆ। ਉਹਨਾਂ ਮਸ਼ੀਨਾਂ ਦਾ ਸਾਫ ਸੁਥਰਾ ਕੰਮ ਬੜਾ ਹੀ ਮੋਹਕ ਸੀ। ਰਿੰਗ ਬਣੌਣ ਤੋਂ ਬਿਨਾਂ ਬਾਕੀ ਸਾਰਾ ਕੰਮ ਮਸ਼ੀਨਾਂ ਬਹੁਤ ਛੇਤੀ ਕਰ ਰਹੀਆਂ ਸਨ। ਕਟਰ ਨਾਲ ਦੰਦੇ ਪੈਂਦੇ ਸਨ ਤੇ ਖਰਾਦ ਲੋਹੇ ਨੂੰ ਛਿਲ ਛਿਲ ਕੇ ਗੋਲ ਕਰ ਰਹੇਸਨ। ਸ੍ਰੀ ਗੁਰਮੁਖ ਸਿੰਘ ਤੇ ਬੇਅੰਤ ਸਿੰਘ ਹੁਰਾਂ ਮੈਨੂੰ ਸਾਰਾ ਕੰਮ ਸਮਝਾਇਆ ਤੇ ਦਸਿਆ ਕੇ ਅਸੀਂ ਤਿੰਨ ਦਰਜਨਾਂ ਸੈਕਲਾਂ ਦੇ ਫਰੀਵੀਲ, ਰੋਜ਼ ਏਥੋਂ ਤਿਆਰ ਕਰਕੇ ਬਜ਼ਾਰ ਭੇਜ ਦਿੰਦੇ ਹਾਂ।

ਮੈਂ ਵੇਖ ਰਿਹਾ ਸਾਂ ਕਿ ਉਹਨਾਂ ਦੀਆਂ ਮਸ਼ੀਨਾਂ ਤੇ ਕਾਰਖਾਨੇ ਦੇ ਆਦਮੀ ਏਸਤੋਂ ਕਿਤੇ ਬਹੁਤਾ ਸਮਾਨ ਬਣੌਣ ਦੀ ਸਮਰਥਾ ਰਖਦੇ ਸਨ। ਓਹ ਵੇਹਲੇ ਹੀ ਜਾਪ ਰਹੇ ਸਨ ਪਰ ਹੋਰ ਬਹੁਤਾ ਮਾਲ ਤਿਆਰ ਨਹੀਂ ਸਨ ਕਰ ਰਹੇ। ਪੁਛਣ ਤੇ ਪਤਾ ਲਗਾ ਕਿ ਬਜ਼ਾਰ ਮੰਦਾ ਹੈ। ਕੂਕਾ ਵਰਕਸ ਦਾ ਬਣਿਆਂ ਮਾਲ ਵਲੈਤੀ ਨਾਲੋਂ ਅਸਲੋਂ ਘਟ ਨਹੀ ਸੀ। ਪਰ ਸੈਕਲਾਂ ਦੇ ਦੇਸੀ ਕਾਰਖਾਨੇ ਮਾਲ ਲੈ ਨਹੀਂ ਸਨ ਰਹੇ। ਓਹ ਵਲੈਤੀ ਸਮਾਨ ਲੈਕੇ ਪੌਣਾਂ ਹੀ ਪਸੰਦ ਕਰਦੇ ਹਨ।

Namdhari Elibrary NamdhariElibrary@gmail.com

ਇਸੇ ਤਰਾਂ ਆਗਰੇ ਸ: ਹਜ਼ੂਰ ਸਿੰਘ ਹੁਰਾਂ ਦਾ ਇਕ ਕਾਰਖਾਨਾ ਹੈ ਜਿਸ ਵਿਚ ਓਹ ਰਿਪਟਾਂ ਤਿਆਰ ਕਰਦੇ ਹਨ । ਰਿਪਟਾਂ ਬਣੌਣ ਦੀ ਮਸ਼ੀਨ ਉਹਨਾਂ ਦੀ ਆਪਣੀ ਕਾਢ ਹੈ । ਸ੍ਰ. ਗੁਰਦੇਵ ਸਿੰਘ ਜੀ ਦਸਿਆ ਕਿ ਉਸ ਵਿਚ ਹਰ ਸਾਈਜ਼ ਦੀਆਂ ਚਾਰ ਸੌ ਤੋਂ ਉਤੇ ਰਿਪਟਾਂ ਇਕ ਮਿੰਟ ਵਿਚ ਬਣ ਸਕਦੀਆਂ ਹਨ ਜੋ ਵੇਖਣ ਤੇ ਵਰਤਣ ਵਿਚ ਵਲੈਤੀ ਨਾਲੋਂ ਕਿਸੇ ਵੀ ਤਰਾਂ ਘਟੀਆਂ ਨਹੀਂ । ਪਰ ਉਹਨਾਂ ਦੀ ਤੇ ਸ੍ਰ. ਭਗਵਾਨ ਸਿੰਘ ਜੀ ਦਿਲੀ—ਜੋ ਟ੍ਰੇਲਰ ਤਿਆਰ ਕਰਦੇ ਹਨ—ਵਾਲਿਆਂ ਦੀ ਪੁਜ਼ੀਸਨ ਕੂਕਾ ਵਰਕਸ ਤੇ ਸਾਕਟਵਰਕਸ ਦੇ ਬਿਲਕੁਲ ਉਲਟ ਹੈ ਇਹਨਾਂ ਦੇਮਾਲ ਦੀਏਨੀ ਮੰਗ ਹੈ ਜਿਸਨੂੰ ਏਹ ਪੂਰੀ ਨਹੀਂਕਰ ਸਕਦੇ ।

ਮੈਂ ਇਹਨਾਂ ਤੇ ਹੋਰ ਨਾਮਧਾਰੀ ਕਾਰਖਾਨੇ ਦਾਰਾਂ ਨੂੰ ਸਲਾਹ ਦੇਂਦਾ ਹਾਂ ਕਿ ਉਹ ਆਪਣੇ ਕਾਰਖਾਨਿਆਂ ਦਾ ਵਿਸਥਾਰ ਕਰਨ ਕੋਆ-ਪਰੇਟਿਵ ਸੁਸੈਟੀਆਂ ਬਣਾਕੇ ਰੁਪੈਆ ਪੈਦਾ ਕਰਨ ਤੇ ਮਾਲ ਏਨਾਂ ਬਣੌਣ ਜਿਸ ਨਾਲ ਮੁਲਕ ਦੀ ਲੋੜ ਪੂਰੀ ਕਰਨ ਵਿਚ ਕਾਫ਼ੀ ਹਥ ਵਟਾਇਆ ਜਾ ਸਕੇ ।

ਯੋਰਪੀਨ ਮੁਲਕਾਂ ਨੇ ਸੁਸੈਟੀਆਂ ਬਣਾਕੇ ਹੀ ਬੜੇ ਵਡੇ ਵਡੇ ਕਾਰਖਾਨੇ ਉਸਾਰੇ ਹਨ। ਇਕ-ਹਿਰਾ ਪਰਿਵਾਰ ਜਾਂ ਆਦਮੀ ਕੋਈ ਮਾਰਕੇ ਦਾ ਕੰਮ ਨਹੀਂ ਕਰ ਸਕਦਾ। ਜਰਮਨੀ ਵਿਚ ਸੈਂਕੜੇ ਆਦਮੀਆਂ ਨੇ ਮਿਲਕੇ ਲਖਾਂ ਰੁਪਏ ਪੈਦਾ ਕੀਤੇ ਤੇ ਕਾਰਖਾਨੇ ਬਣਾ ਲਏ। ਫਿਰ ਸੈਂਕੜਿਆ ਨੇ ਇਕ-ਇਕ ਪੁਰਜ਼ਾ ਬਣਾਕੇ ਇਕ ਮੁਕੰਮਲ ਚੀਜ਼ ਬਣਾ ਧਰੀ ਜਿਵੇਂ ਮੋਟਰ,ਟੈਮਪੀਸ, ਪ੍ਰੈਸ-ਮਸ਼ੀਨ, ਸਾਈਕਲ ਤੇ ਹੋਰ ਕਲ-ਇੰਜਨ। ਬਜਾਰ ਵਿਚ ਮਾਲ ਵੇਚਣ ਲਈ ਸਿਰਫ ਇਕ ਚੀਜ਼ ਦਾ ਹੀ ਪ੍ਰਚਾਰ ਕੀਤਾ ਗਿਆ ਜੋ ਆਪਣੇ ਆਪ ਵਿਚ ਸੰਪੂਰਣ ਸੀ। ਏਸਤਰਾਂ ਪ੍ਰਾਪੇਗੰਡਾ ਦਾ ਵੀ ਖਰਚ ਬਹੁਤ ਘਟ ਗਿਆ। ਜੇ ਇਕ ਮਸ਼ੀਨ ਦੇ ੬੦ ਪੁਰਜ਼ੇ ਬਣਾਕੇ ਮਸ਼ੀਨਾ ਜੋੜਨ ਵਾਲਿਆਂ ਨੂੰ ਵੇਚੇ ਜਾਂਦੇ ਤਾਂ ਪ੍ਰਚਾਰ ਤੇ ੬੦ ਗੁਣਾਂ ਹੀ ਖਰਚਾਬਹਿੰਦਾ ਤੇ ਹਮੇਸ਼ਾ ਦੂਸਰੇ ਦੇ ਹੱਥਾਂ ਵਲ ਤਕਣਾਂ ਪੈਂਦਾ। ਪਰ ਉਹਨਾਂ ਏਸ ਖਰਚ ਦੀ ਬਚਤ ਕਰ ਲਈ।

ਮੁਨਾਫ਼ਾ, ਥੋੜਾ ਮਾਲ ਬਣਾਕੇ ਮਹਿੰਗਾ ਵੇਚਣ ਨਾਲ ਏਨਾਂ ਨਹੀਂ ਹੁੰਦਾ ਜਿੰਨਾਂ ਕਿ ਬਹੁਤਾ ਮਾਲ ਬਣਾਕੇ ਘਟ ਕੀਮਤ ਤੇ ਵੇਚਣ ਨਾਲ ਹੋ ਸਕਦਾ ਹੈ। ਸੈਕਲਾਂ ਦੇ ਕੰਮ ਵਿਚ ਬੜੀ ਵਡੀ ਗੁੰਜੈਸ਼ ਹੈ। ਜੇ ਏਸ ਕੰਮ ਨੂੰ ਸੁਸੈਟੀ ਬਣਾਕੇ ਚਾਲੂ ਕੀਤਾ ਜਾਵੇ ਤੇ ਸਾਰੇ ਪੁਰਜ਼ੇ ਇਕ ਕਾਰਖਾਨੇ ਵਿਚ ਤਿਆਰ ਕਰਕੇ ਸੈਕਲ ਮੁਕੰਮਲ ਕਰਕੇ ਵੇਚਿਆ ਜਾਵੇ ਤਾਂ ਹਜ਼ਾਰਾਂ ਸੈਕਲ ਮਹੀਨੇ ਵਿਚ ਤਿਆਰ ਕੀਤੇ ਜਾ ਸਕਦੇ ਹਨ । ਪੂਰੇ ਸੈਕਲ ਦੇ ਪ੍ਰਚਾਰ ਉਤੇ ਵੀ ਬਹੁਤਾ ਖਰਚ ਨਹੀਂ ਕਰਨਾਂ ਪਵੇਗਾ ਤੇ ਨਾਹੀ ਅਡ ਅਡ ਪੁਰਜ਼ਿਆਂ ਨੂੰ ਮੰਡੀ ਵਿਚ ਖਪੌਣ ਦਾ ਸੁਆਲ ਸਿਰ—ਦਰਦੀ ਪੈਦਾ ਕਰੇਗਾ । ਅਜੇਹੇ ਕਾਰਖਾਨੇ ਚਲੌਣ ਲਈ ਨਾਹੀ ਤਾਂ ਆਦਮੀਆਂ ਦੀ ਘਾਟ ਹੈ ਤੇ ਨਾਂ ਹੀ ਪੈਸੇਦੀ। ਲੋੜ ਹੈ ਅਸੂਲ ਸਮਝਕੇ ਕੰਮ ਕਰਨ ਦੀ। ਏਹ ਠੀਕ ਹੈ ਕਿ ਸਾਂਝੇ ਕੰਮ ਲਈ ਸਾਡੀ ਭਾਵ ਨਾਂ ਚੰਗੀ ਨਹੀਂ ਰਹੀ। ਪਰ ਚੰਗੇ ਆਦਮੀਆਂ ਦਾ ਸਾਥ ਮਾੜੇ ਨਤੀਜੇ ਨਹੀਂ ਪੈਦਾ ਕਰ ਸਕਦਾ। ਹਾਂ ਸੁਸੈਟੀ ਬਣੌਣ ਵੇਲੇ ਜ਼ਰੂਰ ਚੰਗੇ ਆਦਮੀਆਂ ਦੀ ਭਰਤੀ ਕੀਤੀ ਜਾਵੇ ਜੋ ਕਾਮੇ ਤੇ ਦਿਆਨਤਦਾਰ ਹੋਣ ।

ਵਡੇ ਕਾਰਖਾਨਿਆਂ ਵਿਚ ਹੀ ਸਸਤਾ ਤੇ ਚੰਗਾ ਮਾਲ ਤਿਆਰ ਹੋ ਸਕਦਾ ਹੈ। ਤੇ ਹੋਰ ਬਹੁਤ ਖਰਚ ਕਰਕੇ ਏਥੇ ਹੀ ਪਰੀਖਸ਼ਣ ਕੇਂਦ੍ਰ ਖੋਹਲਕੇ ਆਪਦੇ ਸਾਮਾਨ ਨੂੰ ਹੋਰ ਚੰਗਾ ਮਜ਼ਬੂਤ ਤੇ ਖੂਬਸੂਰਤ ਬਣਾਇਆ ਜਾ ਸਕਦਾ ਹੈ।

ਸਾਡੀ ਸਰਕਾਰ ਦਾ ਧਿਆਨ ਵੀ ਅਜ ਕਾਰਖਾਨੇ ਉਸਾਰਨ ਵਲ ਹੈਏਸ ਲਈ ਕਾਰਖਾਨੇ-ਦਾਰਾਂ ਨੂੰ ਓਹ ਹਰ ਸਹੂਲਤ ਦੇਣ ਲਈ ਤਿਆਰ ਹੈ। ਜਿਸਤੋਂ ਸਾਨੂੰ ਪੂਰਾ—ਪੂਰਾ ਫੈਦਾ ਉਠੌਣਾਂ ਚਾਹੀਦਾ ਹੈ ।

ਰਾਜਿੰਦ੍ਰ ਸਿੰਘ

Namdhari Elibrary NamdhariElibrary@gmail.com

'ਸਤਿਜੁਗ' ਦਾ ਬਸੰਤ ਅੰਕ

ਵਲੋਂ ਸ੍ਰ: ਮੋਹਨ ਸਿੰਘ ਜੀ 'ਮਤਵਾਲਾ' ਐਡੀਟਰ 'ਕੌਮੀ ਸੰਦੇਸ਼' ਫਗਵਾੜਾ

ਮੈਂ 'ਸਤਿਜੁਗ' ਦਾ ਬਸੰਤ ਅੰਕ (ਬਾਬਤ ਮਹੀਨਾ ਮਾਘ ੨੦੧੩ ਬਿਕ੍ਰਮੀ ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੨) ਆਦਿ ਤੋਂ ਲੈਕੇ ਅੰਤ ਤਕ ਬੜੇ ਹੀ ਗਹੁ ਤੇ ਪ੍ਰੇਮ ਨਾਲ ਪੜਿਆ ਹੈ। ਇਸ ਅੰਕ ਵਿਚ ਤਿੰਨ ਦਰਜਨ ਦੇ ਲੱਗ ਪੱਗ, ਉਚੱ ਕੋਟੀ ਦੇ ਲਿਖਾਰੀਆਂ ਤੇ ਕਵੀਆਂ ਦੀਆਂ ਰਚਨਾਵਾਂ ਹਨ, ਜਿਨਾਂ ਵਿਚੋਂ ਸ੍ਰ: ਰਾਜਿੰਦਰ ਸਿੰਘ ਜੀ (ਸੰਪਾਦਿਕ) ਸ੍ਰ. ਭਗਤ ਸਿੰਘ ਜੀ ਸੈਸ਼ਨ ਜੱਜ, ਸ੍ਰ. ਕੁਲਜੀਤ ਸਿੰਘ ਜੀ 'ਜੀਤ' ਕੁਸੁਮੇ, ਸ੍ਰ: ਬਿਸ਼ਨ ਸਿੰਘ ਜੀ ਨੰਗਲ ਸ; ਆਤਮਾ ਸਿੰਘ ਜੀ ਸਨਖਤਰਾ, ਸ੍ਰ. ਨਿਹਾਲ ਸਿੰਘ ਜੀ ਸਰਸਾ, ਸ੍ਰ: ਗੁਰਦਿਤ ਸਿੰਘ ਜੀ 'ਕੰਵਲ' ਸ੍ਰ: ਬੂਟਾ ਸਿੰਘ ਐਮ ਏ ਤੇ ਬੀਬੀ ਸ਼ਕੁੰਤਲਾ ਬੀਏ. ਬੀਟੀ. ਦੇ ਨਾਮ ਉਚੇਰੇ ਤੌਰ ਪੁਰ ਵਰਣਨ ਯੋਗ ਹਨ। ਇਸ ਅੰਕ ਵਿਚ ਡੇਢ ਦਰਜਨ ਲੇਖ ਤੇ ਇਕ ਦਰਜਨਤੋਂ ਵਧੀਕ ਰੋਚਕ ਕਵਿਤਾਵਾਂ ਹਨ।

'ਝਨਾ ਦੀਆਂ ਲਹਿਰਾਂ ਤੇ' ਸ੍ਰ: ਰਾਜਿੰਦਰ ਸਿੰਘ ਲਿਖਤ, ਇਕ ਡਾਢਾ ਹੀ ਕਮਾਲ ਦਾ ਤੇ ਵਾਕਫੀ ਵਧਾਊ ਲੇਖ ਹੈ। ਇਸ ਲੇਖਵਿਚ ਸੁਹਿਰਦ ਲੇਖਕ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਝਨਾ ਨੂੰ ਪੈਦਲ ਪਾਰ ਕਰਨ ਤੇ ਓਸ ਮਲਾਹ ਨੂੰ ਤਾਰਨ ਦੀ ਵਾਰਤਾ ਲਿਖੀ ਹੈ, ਜਿਸਨੇ ਗੁਰਾਂ ਨੂੰ ਗਰੀਬ ਜਾਣਕੇ ਏਸ ਲਈ ਬੇੜੀ ਖੜੀ ਨਹੀਂ ਸੀ ਕੀਤੀ ਕਿ ਏਸ ਮਲੰਗ ਪਾਸੋਂ ਕੁਝ ਮਿਲਣ ਦੀ ਕੀ ਆਸ ਹੋ ਸਕਦੀ ਹੈ ? ਇਕ ਘਟਨਾਂ ਅਮਰੀਕ ਸਿੰਘ ਡਾਕੂ ਨੂੰ ਤਾਰਨ ਬਾਰੇ ਵੀ ਹੈ ਜਿਸ ਤਰਾਂ ਕੇ ਮਗਰੋਂ ਭਜਨ ਲੈਕੇ ਸਤਿਗੁਰਾਂ ਦਾ ਪੂਰਨ ਅਨੁਯਾਈ ਬਣ ਗਿਆ ਸੀ। ਇਸ ਲੇਖ ਤੋਂ ਸਤਿਗੁਰੂ ਰਾਮ ਜੀ ਦੇ ਕੀਤੇ ਚੋਜਾਂ ਦਾ ਬੜੀ ਚੰਗੀ ਤਰਾਂ ਪਤਾ ਲਗਦਾ ਹੈ ਤੇ ਲਿਖਾਰੀ ਉਹਨਾਂ ਪ੍ਰਤੀ ਜਨ ਸਾਧਾਰਨ ਦੀ ਸ਼ਰਧਾ ਵਧਾਉਣ ਦੇ ਮਨੋਰਥ ਵਿਚ ਪੂਰੀ ਤਰਾਂ ਸਫਲ ਪਰਤੀਤ ਹੁੰਦਾ ਹੈ।

ਇਸ ਲੇਖ ਦੇ ਨਾਲ ਸਤਿਗੁਰਾਂ ਦੀ ਝਨਾਂ ਨੂੰ ਪਾਰ ਕਰਨ ਸਮੇਂ ਦੀ ਜੋ ਬਹੁ ਰੰਗੀ ਤਸਵੀਰ ਦਿਤੀ ਗਈ ਹੈ, ਉਹ ਇਸ ਲੇਖ ਦੇ ਆਕਰਸ਼ਨ ਨੂੰ ਹੋਰ ਵੀ ਵਧਾ ਦੇਂਦੀ ਹੈ। ਗੱਲ ਕੀ ਇਹ ਲੇਖ ਹਰ ਲਿਹਾਜ ਨਾਲ ਉਤਮ ਤੇ ਪੜਨ ਯੋਗ ਹੈ। ਇਸ ਲੇਖ ਤੋਂ ਅਗੇ ਸ੍ਰ. ਹਰਨਾਮ ਸਿੰਘ ਬਗਲੀ ਵਾਲਾ ਨੇ ਇਕ ਕਵਿਤਾ ਰਾਹੀਂ ਆਪਣੀ ਬਿਰਹਾ--ਵੇਦਨਾਂ ਪਰਗਟ ਕੀਤੀ ਹੈ। ਸਤਿਗੁਰਾਂ ਦੇ ਨਾਲ ਮਿਲਣ ਦੀ ਤਾਂਘ ਉਹਨਾਂ ਦੀ ਬਹੁਤ ਪ੍ਰਬਲ ਹੋ ਗਈ ਹੈ ਤੇ ਵਿਛੋੜੇ ਨੂੰ ਨਾਂ ਸਹਾਰ ਦਿਆਂ ਹੋਇਆਂ, ਇਹ ਕਹਿਣ ਲਈ ਮਜਬੂਰ ਹੋ ਗਏ ਹਨ :–

ਜਾਣ ਲਗਿਆਂ ਨੇ ਜਿਹੜਾ ਬਚਨ ਕੀਤਾ,
ਪੂਰਾ ਹੋਊਗਾ ਕਦੋਂ ਇਕਰਾਰ ਤੇਰਾ।
ਕੋਈ ਦਸ ਤਾਰੀਕ ਹਰਨਾਮ ਸਿੰਘ ਨੂੰ,
ਕਦੋਂ ਤੱਕ ਕਰੀਏ ਇੰਤਜ਼ਾਰ ਤੇਰਾ।

ਜੇ ਇਕ ਪਾਸੇ ਹਰਨਾਮ ਸਿੰਘ ਹੋਰੀਂ ਜੋਦੜੀ ਕਰ ਰਹੇ ਹਨ ਤਾਂ ਦੂਜੇ ਪਾਸੇ ਸ੍ਰ. ਭਗਤ ਸਿੰਘ ਜੀ ਸੈਸ਼ਨ ਜੱਜ ਰੀਟਾਇਰਡ ਨਾਮਧਾਰੀ ਰਹਿਤਨਾਮੇ ਨੂੰ ਘੋਖ ਰਹੇ ਹਨ। ਉਹਨਾਂ ਨੇ ਨਾਮਧਾਰੀ ਰਹਿਤਨਾਮੇ ਦੇ ਗੁਣਾਂ ਉਤੇ ਬੜੀ ਹੀ ਵਿਦਵਤਾ ਤੇ ਸੁਚੱਜਤਾ ਨਾਲ ਚਾਨਣਾ ਪਾਇਆ ਹੈ,ਉਹਨਾਂ ਨੇ ਸਿੱਧ ਕੀਤਾਹੈ ਕਿ ਨਾਮਧਾਰੀਰਹਿਤਾਂ ਵਿਚ ਜਿਨਾਂ ਗੱਲਾਂ ਉਤੇ ਜੋਰ ਦਿਤਾ ਗਿਆ ਹੈ, ਉਹ ਆਤਮਕ, ਮਾਨਸਕ, ਸਰੀਰਕ, ਸਮਾਜਿਕ,

Namdhari Elibrary NamdhariElibrary@gmail.com

ਆਰਥਕ ਤੇ ਰਾਜਸੀ ਊਣਤਾਈਆਂ ਨੂੰ ਦੂਰ ਕਰਦੀਆਂ ਹਨ। ਵਿਦਵਾਨ ਲੇਖਕ ਇਸ ਲੇਖ ਲਈ ਨਿਸਚੇ ਹੀ ਨਾਮਧਾਰੀ ਪੰਥ ਦੀ ਸਮੁਚੀ ਪਰਮੰਸਾ ਦਾ ਹਕਦਾਰ ਹੈ। ਉਹਨਾਂ ਨੇ ਠੀਕ ਤੌਰ ਤੇ 'ਨਾਮਧਾਰੀ ਰਹਿਤਨਾਮੇ' ਨਾਲ ਇਨ-ਸਾਫ ਕੀਤਾ ਹੈ। ਜੱਜ ਸਾਹਿਬ ਤੋਂ ਮਗਰੋਂ ਸੰਤ ਸ਼ਿੰਗਾਰਾ ਸਿੰਘ ਤੇ ਸੰਤ ਹਜ਼ਾਰਾ ਸਿੰਘ ਜੀ ਦੀ ਵਾਰੀ ਆਈ ਹੈ, ਜਿੰਨਾਂ ਦੋਹਾਂ ਨੇ ਕਵਿਤਾ ਰਾਹੀਂ ਨਾਮਧਾਰੀ ਸ਼ਹੀਦਾਂ ਤੇ ਗੁਰੂ ਰਾਮ ਸਿੰਘ ਜੀ ਨੂੰ ਸ਼ਰਧਾਂਜਲੀ ਅਰਪਣ ਕੀਤੀ ਹੈ।

ਲੋਕ ਬੋਲੀਆਂ ਦੇ ਅਧਾਰ ਉਤੇ, ਸ. ਰਾਜਿੰਦਰ ਸਿੰਘ ਜੀ ਨੇ ਵੱਖ ਵੱਖ ਸਿਰ ਲੇਖਾਂ ਹੇਠਾਂ ਪੰਜ ਲੇਖ ਇਕੋ ਸਾਹੇ ਲਿਖੇ ਹਨ। ਇਹਨਾਂ ਲੇਖਾਂ ਰਾਹੀਂ ਸਯੋਗ ਲਿਖਾਰੀ ਨੇ ਨਾਮਧਾਰੀ ਲਹਿਰ ਦੇ ਅਰੰਭ ਤੇ ਉਸਦੇ ਵਿਕਾਸ ਉਤੇ ਸਾਡੀ ਝਾਤੀ ਪੁਵਾਈ ਹੈ। ਵਿਦਵਾਨ ਲਿਖਾਰੀ ਦੇ ਕਥਨ ਅਸਨੁਾਰ ਇਕ – ਇਕ ਬੋਲੀ ਆਪਣੇ ਆਪ ਵਿਚ ਕੂਕਾ ਜੀਵਨ ਦਾ ਇਕ ਅੰਗੀ ਸੰਪੂਰਨ ਇਤਿਹਾਸ ਹੈ। ਮੈਂ ਸਮਝਦਾ ਹਾਂ ਕਿ ਇਹ ਲੇਖ ਇਤਿਹਾਸਕ ਮਹਾਨਤਾ ਰਖਣ ਦੇ ਕਾਰਨ ਉਚੇਚੀ ਸੰਭਾਲ ਦੇ ਯੋਗ ਹਨ। ਇਹ ਲੇਖ ਮੇਰੇ ਹੱਥ ਵਿਚਲੇ ਬਸੰਤ ਅੰਕ ਦੀ ਜਿੰਦ ਜਾਨ ਹਨ। ਨਾਮਧਾਰੀ ਇਤਿਹਾਸ ਦਾ ਪਛੋਕੜ ਦਸੱਣ ਵਿਚ ਲਿਖਾਰੀ ਨੇ ਜੋ ਖੋਜ ਤੇ ਮਿਹਨਤ ਕੀਤੀ ਹੈ ਉਸ ਲਈ ਉਹ ਵਧਾਈ ਦਾ ਹਕਦਾਰ ਹੈ। 'ਤਿੰਨ ਰੰਗ' ਇਕ ਸੁੰਦਰ ਵਾਰਤਾ ਹੈ ਜਿਸ ਨੂੰ ਸ: ਰਾਜਿੰਦਰ ਸਿੰਘ ਜੀ ਨੇ ਹੀ ਕਲਮ ਬੰਦ ਕੀਤਾ ਹੈ। ਇਸ ਵਾਰਤਾ ਦਾ ਤਾਤਪਰਜ ਇਹ ਹੈਕਿਕਿਵੇਂ ਸਤਿਗੁਰੂ ਹਰੀ ਸਿੰਘ ਜੀ ਨੇ 'ਗਦਾਂ ਡੋਬ' ਵਰਗੇ ਭੱਦੇ ਤੇ ਭੈੜੇ ਨਾਂ ਨੂੰ ਬਦਲ ਕੇ ਪਿੰਡ ਦਾ ਨਾਂ 'ਗੁਰੂਸਰ' ਰਖਿਆ। ਇਸ ਵਾਰਤਾ ਤੋਂ ਉਹਨਾਂ ਦੇ ਜਨਤਕ ਪਿਆਰ ਦਾ ਸੁਹਣਾ ਸਬੂਤ ਮਿਲਦਾ ਹੈ। ਇਸਦੇ ਨਾਲ ਹੀ "ਗੁਰੂਸਰ ਵਾਲੇ ਸਾਨ" (ਜਿਸ ਨੂੰ ਲਿਖਾਰੀ ਨੇ 'ਕਬੂਤਰ' ਦਾ ਕਲਪਿਤ ਨਾਂ ਦਿਤਾਹੈ) ਦਾ ਵਰਤਾਂਤ ਵੀ ਬੜਾ ਰੋਚਕ ਤੇ ਸ਼ਰਧਾ ਉਪਜਾਊ ਹੈ।

ਇਸ ਤੋਂ ਅਗੇ ਸ: ਪ੍ਰੀਤਮ ਸਿੰਘ ਜੀ 'ਰਾਹੀ' ਵਲੋਂ ਪੇਸ਼ ਕੀਤਾ ਗਿਆ 'ਬਾਰਾਂ ਮਾਂਹ' ਹੈ ਜੋ ਪੁਰਾਤਨ ਛੰਦ ਚਾਲ ਦਾ ਇਕ ਸੁਲਝਿਆ ਹੋਇਆ ਨਮੂਨਾ ਆਖਿਆ ਜਾ ਸਕਦਾ ਹੈ। ਸੰਖੇ-ਪਤਾ ਇਸ ਬਾਰਾਂਮਾਂਹ ਦੀ ਸੱਭਤੋਂ ਵਡੇਰੀ ਖੂਬੀ ਹੈ। "ਆਗਈ ਨਵੀਂ ਬਹਾਰ" ਦੇ ਨਾਂ ਹੇਠ ਮੇਰੀ ਇਕ ਕਵਿਤਾ ਬਸੰਤ ਦੇ ਆਉਣ ਦੀ ਸੂਚਕ ਹੈ। ਇਸ ਵਿਚ ਕੁਦਰਤ ਦਾ ਬਿਆਨ ਬੜਾ ਨਿਖਰਵਾਂ ਹੈ :–

ਫੁੱਲਾਂ ਉਤੇ ਜੋਬਨ ਆਇਆ,
ਖੇਤਾਂ ਤੇ ਹਰਿਆਲੀ,
ਗੁਟਕੂੰ ਗੁਟਕੂੰ ਕਰਦੀ ਫਿਰਦੀ
ਰੱਤ ਚੁੜੇ ਵਾਲੀ।
ਸਰ੍ਹੋਂਆਂ ਅੰਦਰ ਪੀਲੇ ਫੁੱਲਾਂ
ਵਾਹ ਵਾਹ ਸ਼ਾਨ ਬਣਾਈ
ਸੋਨੇ ਰੰਗੀ ਕੋਮਲ ਹੂਠੀ
ਆਪਣੇ ਸਿਰ ਤੇ ਪਾਈ।
ਅੰਗਾਂ ਅੰਦਰ ਨਵੇਂ ਹੁਲਾਰੇ,
ਗੇੜੇ ਰਹੇ ਨੇ ਮਾਰ।
ਮੌਲ ਪਈ ਹੈ ਧਰਤੀ ਸਾਰੀ,
ਆ ਗਈ ਨਵੀਂ ਬਹਾਰ।

ਇਹ ਕਵਿਤਾ ਸਾਹਿਤਕ ਉਚਾਈਆਂ ਨੂੰ ਛੂਹਣ ਦੇ ਨਾਲ ਨਾਲ ਰਾਜਸੀ ਪਿੜ ਦਾ ਵੀ ਵਿਸ਼ਲੇਸ਼ਣ ਕਰਦੀ ਹੈ। ਕਵੀ ਦੀ ਸਮਾਜਿਕ ਬੋਧਕਤਾ ਦਾ ਅਨੁਭਵ ਹੇਠਲੀਆਂ ਤੁੱਕਾਂ ਤੋਂ ਸਹਿਜੇ ਹੀ ਹੋ ਸਕਦਾ ਹੈ –

ਤੁਰ ਪਈਆਂ ਧਰਤੀ ਦੀਆਂ ਵਾਰਾਂ
ਭੁੱਲ ਗਏ ਅਰਸ਼ੀ ਕਿੱਸੇ।
ਅੱਗੇ ਵੱਧ ਰਹੇ ਕਿਰਤੀ ਸਾਰੇ,
ਅੱਜ ਦੁਲਾਂਘਾਂ ਮਾਰ।
ਸਾਮਰਾਜ ਨੂੰ ਪਿਸੂ ਪੈ ਗਏ,
ਤੱਕ ਕੇ ਨਵੀਂ ਬਹਾਰ।

ਪੰਜਾਬੀ ਵਿਚ ਇਸ ਪੱਧਰ ਦੀਆਂ ਬਹੁਤ ਘਟ ਕਵਿਤਾਵਾਂ ਲਿਖੀਆਂ ਗਈਆਂ ਹਨ, ਜੋ ਭਾਵ ਤੇ

Namdhari Elibrary NamdhariElibrary@gmail.com

ਲੈ ਦੋਹਾਂ ਪੱਖਾਂ ਵਿਚ ਸਫਲ ਹੋਣ।

"ਝਖੜਾਂ ਦੀ ਕਿਸ਼ਤੀ" "ਮਾਲੇਰ ਕੋਟਲੇ ਦੀਧਰਤੀ" "ਵਿਛੜੀ ਮਿਲਾਈ ਏ" 'ਗੁਰੂ ਕੇ ਬਚਨ ਸੁਣ' ਤੇ 'ਪੰਥ ਦੇਗੁਲਾਬ ਵਿਚ' ਕੁਝ ਹੋਰ ਕਵਿਤਾਵਾਂ ਹਨ ਜਿਨਾਂ ਵਿਚੋਂ ਨਿੰਮੀ ਨਿੰਮੀ ਸੁਗੰਧੀ ਆ ਰਹੀ ਏ। "ਸਿਦਕ ਤੇ ਮੌਤ" ਗਿਆਨੀ ਕੁਲਜੀਤ ਸਿੰਘ 'ਜੀਤ' ਦੀ ਇਕ ਇਤਹਾਸਕ ਪੈੜਾਂ ਨੂੰ ਛੂੰਹਦੀ ਕਵਿਤਾ ਹੈ, ਜਿਸ ਵਿਚ ਉਹਨੇ ਨਾਮਧਾਰੀ ਯੋਧਿਆਂ ਦੇ ਪੰਥਕ ਪਿਆਰ ਦੇ ਸੋਹਿਲੇ ਗਾਏ ਹਨ ਤੇ ਦਸਿਆ ਹੈ ਕਿ ਉਹ ਤੋਪਾਂ ਦੀ ਮਾਰ ਅਗੇ ਵੀ ਆਪਣੇ ਸਿਖੀ ਸਿਦਕ ਤੋਂ ਨਹੀਂ ਹਾਰਦੇ। ਸੰਤ-ਸਿਪਾਹੀਆਂ ਵਿਚ ਵਰਿਆਮਗੀ ਦੀ ਸਪਿਰਟ ਪੈਦਾ ਕਰਨ ਲਈ ਇਹ ਇਕ ਚੰਗੀ ਕਵਿਤਾ ਆਖੀ ਜਾ ਸਕਦੀ ਹੈ। 'ਜੀਤ' ਜੀ ਦੇ ਪਸਚਾਤ ਇਕ ਲੇਖ "ਬ੍ਰਹਮਾਂ ਨੰਦ ਤੋਂ........" ਸੰਤ ਬਿਸ਼ਨ ਸਿੰਘ ਜੀ ਨੰਗਲ ਵਾਲਿਆਂ ਦਾ ਛਪਿਆ ਹੈ। ਇਹ ਲੇਖ ਵੀ ਬੜਾ ਵਾਕਫੀ ਭਰਪੂਰ ਤੇ ਆਪਣੇ ਆਸ਼ੇ ਵਿਚ ਸਫਲ ਹੈ। ਸਾਹਿਬਾ ਚੈਲਦਾਰ ਜੋ ਅੰਗਰੇਜ਼ਾਂ ਦਾ ਝੋਲੀ ਚੁਕ ਸੀ, ਕਿਵੇਂ ਨਾਮਧਾਰੀ ਸੰਤ ਸਿਪਾਹੀਆਂ ਦੇ ਹਥੋਂ ਸੋਧਿਆ ਜਾਂਦਾ ਹੈ, ਇਹ ਵਰਤਾਂਤ ਪੜਨ ਨਾਲ ਹੀ ਸਬੰਧ ਰਖਦਾ ਹੈ। "ਸਿਖ ਇਜ਼ਮ ਤੇ ਭਾਣਾਂ ਸਿਧਾਂਤ" ਦਾ ਲੇਖ ਸ. ਬੂਟਾ ਸਿੰਘ ਜੀ ਐਮ. ਏ. ਦਿਲੀ ਵਾਲਿਆਂ ਦੀ ਲੇਖਣੀ ਅੰਕਿਤ ਹੈ। ਸ. ਬੂਟਾ ਸਿੰਘ ਜੀ ਨਾਮ-ਧਾਰੀ ਪੰਥ ਨਾਲ ਉਚੇਚਾ ਸਨੇਹ ਰਖਦੇ ਹਨ ਤੇ ਇਕ ਚੰਗੇ ਖੋਜੀ ਹਨ। ਮੈਂ ਉਹਨਾਂ ਦੇ ਲੇਖ ਅਗੇ ਵੀ ਕਈ ਵਾਰ 'ਪ੍ਰੀਤਮ' ਵਿਚ ਪੜ ਚੁਕਾ ਹਾਂ। ਸ. ਮੰਗਲ ਸਿੰਘ ਜੋ ਲਾਇਲਪੁਰੀ ਦੇ ਨਵੇਂ ਨਿਕਲੇ ਸਪਤਾਹਿਕ ਅਖਬਾਰ 'ਨਵਾਂ ਹਿੰਦੁਸਤਾਨ' ਦੇ ਸ਼ਹੀਦੀ ਅੰਕ ਵਿਚ ਵੀ ਮੈਂ ਉਹਨਾਂ ਦਾ ਇਕ ਲੇਖ ਪੜਿਆ ਸੀ। ਮੇਰੀ ਰਾਇ ਉਹਨਾਂ ਦੇ ਲੇਖਾਂ ਸਬੰਧੀ ਹਮੇਸ਼ਾਂ ਹੀ ਚੰਗੀ ਰਹੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ "ਸਿਖ ਇਜ਼ਮ ਤੇ ਭਾਣਾ ਸਿਧਾਂਤ" ਵਾਲਾ ਲੇਖ ਵੀ ਆਪਣੀ ਥਾਂ ਚੰਗਾ ਹੀ ਹੋਵੇਗਾ। ਇਸ ਸਬੰਧੀ ਮੈਂ ਆਪਣੀ ਪੂਰੀ ਰਾਏ ਇਸ ਲਈ ਲਿਖਣ ਤੋਂ ਅਸਮ੍ਰਥ ਹਾਂ. ਕਿਉਂਕਿ ਮੇਰੇ ਹਥ ਵਿਚਲੇ ਬਸੰਤ ਅੰਕ ਵਿਚ ਦਫਤਰੀ ਦੀ ਗਲਤੀ ਦੇ ਕਾਰਨ ੫੧ ਤੋਂ ਲੈਕੇ ੫੯ ਸਫਿਆਂ ਤਕ ਪੰਨੇ ਲਗੇ ਹੀ ਨਹੀਂ। ਸੋ ਪਤਾ ਨਹੀਂ ਸ. ਬੂਟਾ ਸਿੰਘ ਜੀ ਨੇ ਆਪਣੇ ਲੇਖ ਵਿਚ ਕੀ ਲਿਖਿਆ ਹੈ।

ਸੰਤ ਤਰਨ ਸਿੰਘ ਜੀ 'ਵਹਿਮੀ' ਸੰਤ ਨਗਰ ਨੇ ਮਾਤਾ ਜੀਉਣ ਕੌਰ ਜੀ ਸਬੰਧੀ ਇਕ ਲੇਖ ਲਿਖਕੇ ਮਾਤਾ ਜੀ ਦੇ ਗੁਣਾਂ ਉਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਹ ਲੇਖ ਪੜ੍ਹਕੇ ਮਾਤਾ ਜੀ ਦੇ ਸਦ ਭਾਵਾਂ ਦਾ ਮਨ ਉਤੇ ਡੂੰਘਾ ਅਸਰ ਪੈਂਦਾ ਹੈ ਤੇ ਉਹਨਾਂ ਵਰਗਾ ਹੀ ਜੀਵਨ ਅਪਨਾਉਣ ਦਾ ਮਨ ਵਿਚ ਉਤਸ਼ਾਹ ਉਪਜਦਾ ਹੈ। ਇਹ ਲੇਖ ਸ਼ਲਾਘਾ ਯੋਗ ਹੈ। ਪਰ ਮੈਨੂੰ ਸੰਤ ਤਰਨ ਸਿੰਘ ਜੀ ਦੇ ਨਾਲ 'ਵਹਿਮੀ' ਸ਼ਬਦ ਜੁੜਿਆ ਹੋਇਆ ਚੰਗਾ ਪ੍ਰਤੀਤ ਨਹੀਂ ਹੋਇਆ। ਜੋ ਸੰਤ ਬਣਕੇ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨੀਂ ਪੈਣ ਨਾਲ ਵੀ ਸੰਤ ਤਰਨ ਸਿੰਘ ਹੋਰੀਂ 'ਵਹਿਮੀ' ਹੀ ਬਣੇ ਰਹੇ ਹਨ ਤਾਂ ਏਸਤੋਂ ਅਫ-ਸੋਸਨਾਕ ਗਲ ਹੋਰ ਕੀ ਹੋ ਸਕਦੀ ਹੈ। ਸੰਤ ਤਾਂ ਭਰਮ ਨਿਵਾਰਨ ਵਾਲੇ ਹੁੰਦੇ ਹਨ ਨਾਂ ਕਿ 'ਵਹਿਮੀ'। ਮੈਂ ਉਹਨਾਂ ਨੂੰ ਸਲਾਹ ਦਿਆਂਗਾ ਕਿ ਉਹ ਆਪਣਾ ਉਪਨਾਮ 'ਵਹਿਮੀ' ਦੀ ਬਜਾਏ ਜੇ "ਵਹਿਮ-ਤੋੜ" ਰਖ ਲੈਣ ਤਾਂ ਵਧੇਰੇ ਢੁਕਵਾਂ ਹੋਵੇਗਾ।

ਆਪਣੇ ਪੰਥ ਜਾਂ ਕੌਮ ਦਾ ਪ੍ਰਚਾਰ ਕਰਨਾ ਚੰਗਾ ਹੈ। ਉਸਦੇ ਇਤਿਹਾਸ ਨੂੰ ਬਾਰ ਬਾਰ ਦੁਹਰਾਉਣਾ ਵੀ ਲਾਭਵੰਦ ਹੈ, ਪਰ ਸਾਡੇ ਪੰਥ ਜਾਂ ਕੌਮ ਦੀਆਂ ਵਰਤਮਾਨ ਲੋੜਾਂ ਥੋੜਾਂ ਕੀ ਹਨ, ਇਸ ਪਾਸੇ ਵਲ ਵੀ ਸਾਨੂੰ ਧਿਆਨ ਦੇਣਾ ਚਾਹੀਦਾ ਹੈ। ਮੈਂ ਖੁਸ਼ ਹਾਂ ਕਿ ਪੰਡਿਤ ਮਨਸ਼ਾ ਸਿੰਘ ਜੀ 'ਕੌਮੀ' ਨੇ ਨਾਮਧਾਰੀ ਪੰਥ ਦਾ ਧਿਆਨ ਏਸ ਪਾਸੇ ਖਿਚਣ ਦਾ ਸੁਚਜਾ ਯਤਨ ਕੀਤਾ ਹੈ। ਉਹਨਾਂ ਨੇ ਆਪਣੇ ਲੇਖ 'ਸਮੇਂ ਦੀ ਮੰਗ' ਵਿਚ

Namdhari Elibrary NamdhariElibrary@gmail.com

ਇਹ ਸੁਝਾ ਦਿਤਾ ਹੈ ਕਿ ਨਾਮਧਾਰੀਆਂ ਲਈ ਅਜਿਹੇ ਦਸਤਕਾਰੀ ਆਸ਼ਰਮ ਖੋਲ੍ਹਣੇ ਚਾਹੀਦੇ ਹਨ, ਜਿਥੇ ਉਹ ਸੁਤੰਤਰ ਤੌਰ ਪੁਰ ਆਪਣੀ ਉਪ-ਜੀਵਕਾ ਕਮਾ ਸਕਣ । ਮੈਂ ਇਸ ਸੁਝਾ ਨਾਲ ਆਪਣੀ ਸੰਮਤੀ ਪ੍ਰਗਟ ਕਰਦਾ ਹਾਂ, ਕਿਉਂਕਿ ਨਾਮਧਾਰੀ ਆਪਣੇ ਪੈਰਾਂ ਉਤੇ ਤਾਂ ਹੀ ਖਲੋ ਸਕਦੇ ਹਨ ਜੇਕਰ ਉਹਨਾਂ ਦੀ ਰੋਟੀ ਦਾ ਮਸਲਾ ਹਲ ਹੋ ਗਿਆ ਹੋਵੇ। "ਕੌਮੀ" ਜੀ ਦੇ ਲੇਖ ਤੋਂ ਅਗੇ ਇਕ ਦੋ ਲੇਖ ਤੇ ਕੁਝ ਕਵਿਤਾਵਾਂ ਵੀ ਪੜ੍ਹਨ ਯੋਗ ਹਨ। ਮੈਂ ਇਥੇ ਉਹਨਾਂ ਦਾ ਉਚੇਚਾ ਉਲੇਖ ਇਸ ਲਈ ਨਹੀਂ ਕੀਤਾ ਕਿਉਂਕਿ ਉਹ ਇਕ ਆਮ ਪਧਰ ਦੇ ਲੇਖ ਜਾਂ ਕਵਿਤਾਵਾਂ ਹਨ ਤੇ ਉਹਨਾਂ ਵਿਚ ਕੋਈ ਨਵਾਂ ਸੁਝਾ ਨਹੀਂ ਦਿਤਾ ਗਿਆ। ਇਹਨਾਂ ਲੇਖਾਂ ਅਥਵਾ ਕਵਿਤਾਵਾਂ ਨੂੰ ਪੜ੍ਹਕੇ ਪਾਠਕ ਖੁਦ ਆਪਣੀ ਮਨ ਮਰਜੀ ਦੀ ਰਾਏ ਬਣਾ ਸਕਦੇ ਹਨ।

ਉਪਰ ਸੰਖੇਪ ਤੌਰ ਪੁਰ ਮੈਂ ਬਸੰਤ-ਅੰਕ ਵਿਚ ਦਿਤੀ ਗਈ ਸਮਿਗ੍ਰੀ ਉਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ । ਮੈਨੂੰ ਇਸ ਗਲ ਦਾ ਹਠ ਨਹੀਂ ਕਿ ਮੈਂ ਜੋ ਵਿਚਾਰ ਲਿਖੇ ਹਨ ਉਹ ਪਥਰ ਦੀ ਲੀਕ ਹਨ । ਹੋ ਸਕਦਾ ਹੈ ਕਿ ਮੈਂ ਕਿਸੇ ਲੇਖ ਜਾਂ ਕਵਿਤਾ ਨਾਲ ਪੂਰਾ ਇਨਸਾਫ ਨ ਕਰ ਸਕਿਆ ਹੋਵਾਂ, ਪਰ ਇਕ ਸਮਾਲੋਚਕ ਹੋਣ ਦੇ ਕਾਰਨ ਮੈਂ ਜੋ ਅਨੁਭਵ ਕੀਤਾ ਹੈ, ਉਸਨੂੰ ਪੂਰੀ ਸੁਤੰਤਰਤਾ ਨਾਲ ਪ੍ਰਗਟ ਕਰ ਦਿਤਾ ਹੈ । ਮੈਂ ਇਹ ਵਿਚਾਰ ਕਿਸੇ ਨੂੰ ਖੁਸ਼ ਕਰਨ, ਕਿਸੇ ਦੇ ਕਹਿਣ ਅਥਵਾ ਕਿਸੇ ਦੀ ਸ਼ਾਨ ਵਿਚ ਕੋਈ ਗੁਸਤਾਖੀ ਕਰਨ ਦੇ ਭਾਵ ਨਾਲ ਨਹੀਂ ਲਿਖੇ। ਇਸ ਲਈ ਕੋਈ ਸਜਣ ਮੇਰੇ ਭਾਵਾਂ ਨੂੰ ਗਲਤ ਰੂਪ ਵਿਚ ਅਪਨਾਉਣ ਦੀ ਖੇਚਲ ਨ ਕਰੇ।

ਮੈਂ ਸਮੁਚੇ ਤੌਰ ਪੁਰ ਇਸ ਅੰਕ ਵਿਚ ਦਿਤੀ ਗਈ ਸਾਮਿਗ੍ਰੀ ਤੇ ਫਬਤ ਦੀ ਪ੍ਰਸ਼ੰਸਾ ਕਰਦਾ ਹਾਂ । ਅਜ ਕਲ੍ਹ ਦੀ ਮਹਿੰਗਾਈ ਦੇ ਦਿਨਾਂ ਵਿਚ ੧੧੨ ਸਫਿਆਂ ਦੇ ਵਡੇ ਆਕਾਰ ਵਾਲਾ ਅੰਕ ਪ੍ਰਕਾਸ਼ਤ ਕਰਨਾ ਕੋਈ ਸਾਧਾਰਨ ਗਲ ਨਹੀਂ। ਸੰਪਾਦਿਕ ਤੇ ਪ੍ਰਬੰਧਕ ਇਸ ਉਦਮ ਲਈ ਵਧਾਈ ਦੇ ਹਕਦਾਰ ਹਨ।

ਅਖੀਰ ਵਿਚ ਮੈਂ ਇਸ ਅੰਕ ਸਬੰਧੀ ਇਕ ਦੋ ਸੁਝਾ ਵੀ ਰਖਣਾਂ ਚਾਹੁੰਦਾ ਹਾਂ । ਪਹਿਲੀ ਗਲ ਤਾਂ ਇਹ ਹੈ ਕਿ ਇਸ ਅੰਕ ਵਿਚ ਕਿਸੇ "ਸਿਕੇ ਬੰਦ" ਨਾਮਧਾਰੀ ਲਿਖਾਰੀ ਦੀ ਕੋਈ ਰਚਨਾਂ ਨਹੀਂ । ਮੇਰਾ ਭਾਵ ਇਥੇ ਸੰਤ ਇੰਦਰ ਸਿੰਘ ਜੀ 'ਚਕਰਵਰਤੀ' ਸੁਰਗ-ਵਾਸੀ ਸੰਤ ਨਿਧਾਨ ਸਿੰਘ ਜੀ ਆਲਿਮ ਤੇ ਸੰਤ ਮੰਗਲ੍ਹ ਜੀ ਲਾਇਲ੍ਹਪੁਰੀ ਆਦਿ ਤੋਂ ਹੈ। ਇਹਨਾਂ ਮਹਾਨ ਭਾਵਾਂ ਦੀਆਂ ਲਿਖਤਾਂ ਸਤਿਜੁਗ ਦੇ ਬਸੰਤ ਅੰਕ ਦੀਆਂ ਵਰਤਮਾਨ ਕਦਰਾਂ ਵਿਚ ਹੋਰ ਵੀ ਵਾਧਾ ਕਰ ਸਕਦੀਆਂ ਸਨ। ਸੰਤ ਇੰਦਰ ਸਿੰਘ ਜੀ 'ਚਕਰਵਰਤੀ' ਅਜ ਕਲ ਨਾਮਧਾਰੀ ਪੰਥ ਨਾਲ ਸਬੰਧਤ ਇਕ ਮਹਾਂ ਕਾਵਿ ਲਿਖ ਰਹੇ ਹਨ । ਚੰਗਾ ਹੁੰਦਾ ਜੇ ਉਹਨਾਂ ਦੇ ਮਹਾਂਕਾਵਿ ਦਾ ਕੋਈ ਅੰਗ ਇਸ "ਬਸੰਤ ਅੰਕ" ਦਾ ਸ਼ਿੰਗਾਰ ਬਣਦਾ । ਮਹਾਰਾਜ ਪ੍ਰਤਾਪ ਸਿੰਘ ਜੀ ਵਲੋਂ ਪੰਥ ਦੇ ਨਾਮ ਕੋਈ ਸੰਦੇਸ਼ ਹੋਣਾਂ ਜਰੂਰੀ ਸੀ ।

ਦੂਜੀ ਗਲ ਜੋ ਮੈਂ ਲਿਖਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ ਬਸੰਤ ਅੰਕ ਤੋਂ ਨਾਮਧਾਰੀਆਂ ਦੇ ਵਰਤਮਾਨ ਪ੍ਰੋਗਰਾਮ ਤੇ ਪਾਲਿਸੀ ਬਾਰੇ ਕੁਝ ਪਤਾ ਨਹੀਂ ਲਗਦਾ। ਸੰਸਾਰ ਵਿਆਪੀ ਮਸਲਿਆਂ ਬਾਰੇ ਨਾਮਧਾਰੀਆਂ ਦਾ ਕੀ ਦਰਿਸ਼ਟੀ ਕੋਣ ਹੈ, ਇਸ ਬਾਰੇ ਇਹ ਅੰਕ ਬਿਲਕੁਲ ਖਾਮੋਸ਼ ਹੈ। ਇਸ ਸਬੰਧੀ ਮੈਂ ਆਪਣੇ ਹੋਰ ਵਿਚਾਰ ਕਿਸੇ ਅਗਲੇ ਲੇਖ ਲਈ ਰਾਖਵੇਂ ਰਖਣ ਦੀ ਆਗਿਆ ਚਾਹੁੰਦਾ ਹਾਂ ।

ਇਸ ਅੰਕ ਦੀ ਕੋਈ ਕੀਮਤ ਨੀਯਤ ਨਹੀਂ ਕੀਤੀ ਗਈ । ਕੀਮਤ ਨੀਯਤ ਕਰ ਦਿਤੀ ਜਾਂਦੀ ਤਾਂ ਲੋੜਵੰਦ ਸਜਣ ਕੀਮਤ ਭੇਜ ਕੇ ਇਹ ਅੰਕ ਮੰਗਵਾ ਸਕਦੇ ਸਨ। ਹੁਣ ਉਹਨਾਂ ਨੂੰ ਪਹਿਲੋਂ ਕੀਮਤ ਪੁਛਣੀ ਪਵੇਗੀ ਤੇ ਫੇਰ ਮਨੀਆਰਡਰ ਕਰਾਉਣਾਂ ਪਵੇਗਾ ।

ਇਸ ਅੰਕ ਦਾ ਕਾਗਜ਼ ਦੋ ਤਰਾਂ ਦਾ ਲਾਇਆ ਗਿਆ ਹੈ। ਇਕ ਡਮਈ ਤੇ ਦੂਜਾ ਸ੍ਰੀ ਰਾਮਪੁਰੀ। ਜੇ ਪਹਿਲੋਂ ਹੀ ਵਿਉਂਤ ਬੰਦੀ ਤੋਂ ਕੰਮ ਲਿਆ ਜਾਂਦਾ ਤਾਂ ਜਾਂ ਕਾਗਜ਼ ਡਮਈ ਹੀ ਵਰਤਿਆ ਜਾਂਦਾ ਜਾਂ ਅਖਬਾਰੀ। ਦੋ ਕਿਸਮਾਂ ਦਾ ਕਾਗਜ਼ ਲਾਉਣ ਨਾਲ ਪਾਠਕਾਂ ਉਤੇ ਕੁਝ ਬੇ-ਪਰਵਾਹੀ ਦਾ ਹੀ ਪ੍ਰਭਾਵ ਪਵੇਗਾ। ਮੇਰਾ ਖਿਆਲ ਹੈ ਕਿ ਮੇਰੀਆਂ ਇਹਨਾਂ ਗਲਾਂ ਉਤੇ ਵਿਚਾਰ ਕਰਨ ਦਾ ਯਤਨ ਕੀਤਾ ਜਾਵੇਗਾ। ਮੈਂ ਸ: ਗੁਰਦਿਤ ਸਿੰਘ ਜੀ 'ਕਮਲ' ਸਿਵਲ ਇਨਜੀਨੀਅਰ ਬਹਾਦਰ ਨਗਰ ਅੰਮ੍ਰਿਤਸਰ ਦਾ ਧਨਵਾਦੀ ਹਾਂ, ਜਿਨਾਂ ਨੇ ਆਪਣੀ ਕਵਿਤਾ ਰਾਹੀਂ ਬੜਾ ਚੰਗਾ ਮਸਾਲਾ ਸਾਨੂੰ ਪੜਣ ਲਈ ਦਿਤਾ ਹੈ। ਭਾਵੇਂ ਉਹਨਾਂ ਨੂੰ ਰੁਝੇਵੇਂ ਬਹੁਤ ਰਹਿੰਦੇ ਹਨ, ਪਰ ਫੇਰ ਵੀ ਉਹਨਾਂ ਨੂੰ ਪੰਥ ਸੇਵਾ ਲਈ ਸਮੇਂ ਸਮੇਂ ਆਪਣੇ ਰੁਝੇਵਿਆਂ ਦੀ ਕੁਰਬਾਨੀ ਕਰ ਹੀ ਲੈਣੀ ਚਾਹੀਦੀ ਹੈ। ਮੈਂ ਉਹਨਾਂ ਦੀ ਕਵਿਤਾ ਦੀ ਸਚੇ ਦਿਲੋਂ ਸ਼ਲਾਘਾ ਕਰਦਾ ਹਾਂ।

ਮੇਰੀ ਇਛਾ ਹੈ ਕਿ 'ਸਤਿਜੁਗ' ਹਮੇਸ਼ਾ ਚੜਦੀਆਂ ਕਲਾਂ ਵਿਚ ਰਹੇ। ਏਸਨੂੰ ਮਾਇਕ ਤੌਰ ਪੁਰ ਪਕੇ ਪੈਰਾਂ ਉਤੇ ਕੀਤਾ ਜਾਣਾ ਚਾਹੀਦਾ ਹੈ। ਸੰਪਾਦਕ ਮੰਡਲ ਏਸ ਨੂੰ ਅਜਿਹਾ ਪਰਚਾ ਬਨਾਉਣ ਦਾ ਯਤਨ ਕਰੇ ਕਿ ਗੈਰ ਨਾਮਧਾਰੀ ਵੀ ਇਸ ਵਿਚ ਦਿਲਚਸਪੀ ਲੈਣ। ਇਸਦਾ ਘੇਰਾ ਵਿਸ਼ਾਲ ਕਰਨ ਦੀ ਲੋੜ ਹੈ। ਮੈਂ ਸੰਤੁਸ਼ਟ ਹਾਂ ਕਿ 'ਸਤਿਜੁਗ' ਵਾਲੇ ਪਹਿਲਾਂ ਹੀ ਤੰਗ ਖਿਆਲੀ ਤੋਂ ਸੰਕੋਚ ਕਰ ਰਹੇ ਹਨ।

ਇਕ ਚੁਟਕਲਾ

ਗਿਆਨੀ ਪ੍ਰੀਤਮ ਸਿੰਘ ਜੀ 'ਦੀਪਕ' ਸ਼ਿਮਲਾ

ਵਿਚ ਚਾਂਦਨੀ ਚੌਂਕ ਦੇ ਇਕ ਦਿਨ, ਮੈਂ ਤਕੇ ਇਹ ਅਜਬ ਨਜਾਰੇ।
ਇਕ ਤਰੀਮਤ ਇਕ ਆਦਮੀ, ਐਨ ਸੜਕ ਵਿਚਕਾਰੇ।
ਹੌਲੀ ਹੌਲੀ ਮਸਤ ਗਲਾਂ ਵਿਚ, ਤੁਰਦੇ ਜਾਣ ਵਿਚਾਰੇ।
ਇਕ ਦੂਜੇ ਦੇ ਮੂੰਹ ਵਲ ਤਕ ਤਕ, ਇਕ ਦੂਜੇ ਦੇ ਭਰਨ ਹੁੰਗਾਰੇ।
ਪਿਛੋਂ ਦੀ ਇਕ ਟਾਂਗੇ ਵਾਲਾ, ਉਚੀ ਉਚੀ ਪਿਆ ਪੁਕਾਰੇ।
ਬਚ ਜਾਣਾ ਜੀ, ਬਚ ਜਾਣਾ ਜੀ, ਬਚ ਜਾਣਾ ਹੋ ਜਾਓ ਕਿਨਾਰੇ।
ਪਰ ਉਨਾਂ ਕੁਝ ਧਿਆਨ ਨਾ ਦਿਤਾ, ਕੌਣ ਕਿਸੇ ਨੂੰ ਵਾਜਾਂ ਮਾਰੇ।
ਬੇ ਖਬਰੇ ਹੋ ਇਸ ਦੁਨੀਆਂ ਤੋਂ, ਜਿਵੇਂ ਸਵਰਗ ਦੇ ਲੈਣ ਹੁਲਾਰੇ।
ਤੁਰੇ ਗਏ ਉਹ ਮਸਤ ਗਲਾਂ ਵਿਚ, ਨਾ ਸਮਝੇ ਕੀ ਹੋਣ ਇਸ਼ਾਰੇ?
ਭੜਕ ਉਠਿਆ ਤਾਂਗੇ ਵਾਲਾ, ਗੁਸੇ ਵਿਚ ਹੋ ਗਿਆ ਅੰਗਾਰੇ।
ਵਧਿਆ ਅਗੇ ਟੰਗਾਂ ਉਤੇ, ਟਾਂਗੇ ਨੂੰ ਕਰ ਖੜਾ ਕਿਨਾਰੇ।
ਕੋਲ ਉਨਾਂ ਦੇ ਬਿਲਕੁਲ ਜਾਕੇ, ਕਹੇ ਓਸ ਇਹ ਸ਼ਬਦ ਕਰਾਰੇ।
ਟ੍ਰੈਫਿਕ ਦਾ ਕੁਝ ਖਿਆਲ ਨਹੀਂ ਕਰਦੇ, ਆਕੇ ਤੁਰਨ ਸੜਕ ਵਿਚਕਾਰੇ।
ਆ ਜਾਂਦੇ ਨੇ ਸੈਰ ਕਰਨ ਨੂੰ, ਨਾਲ ਵਹੁਟੀ ਨੂੰ ਲੈਕੇ ਸਾਰੇ।
ਸੁਤਾ ਜਿਵੇਂ ਨੀਂਦ ਤੋਂ ਉਠਿਆ, ਅਗੋਂ ਰਾਹੀ ਇੰਜ ਪੁਕਾਰੇ।
ਵਹੁਟੀ ਵੁਹਟੀ ਤੇਰੀ ਹੋਊ, ਮੇਰੀ ਤਾਂ ਇਹ ਭੈਣ ਪਿਆਰੇ।

ਸਿੱਖੀ

ਸੁਦਾਰਨੀ ਲੀਲਾ ਵੰਤੀ ਜੀ ਦਿੱਲੀ

ਬਾਹਰਵੇਂ ਪਾਤਸ਼ਾਹ ਦੀਨ ਦੁਨੀ ਦੇ ਵਾਲੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀਆਂ ਦਿਤੀਆਂ ਦਾਤਾਂ ਦਾ ਵਰਨਨ ਕਰਨ ਲਈ ਤਾਂ "ਬਸੁਧਾ ਕਾਗਦ ਬਨਰਾਜ ਕਲਮਾ ਲਿਖਨ ਕੋ ਜੇ ਹੋਇ ਪਵਨ। ਬੇਅੰਤ ਅੰਤ ਨਾ ਜਾਈ ਪਾਇਆ ਗਹੀ ਨਾਨਕ ਚਰਨ ਸਰਨਿ" ਅਤੇ ਏਕ ਏਕ ਮੁਖ ਵਿਖੇ ਜਿਹਵਾ ਹੋਵੇ ਕੋਟਿ ਕੋਟਿ ਕੋਟਿ ਕੋਟਿ ਜੇਹਵਾ ਨਾਲ ਭਨਾ ਗੁਨ ਅਸੀਰ ਕੇ" ਬੇਅੰਤ ਬਲ ਬੇਅੰਤ ਬੁਧਿ ਅਪਾਰ ਸਰਧਾ ਅਗਾਧ ਪਰੇਮ ਅਤਯੰਤ ਪਰੀਤੀ ਲੋੜੀਂਦੀ ਹੈ- ਮੈਂ ਨੀਵੀ ਮਤਿ ਵਾਲੀ ਨੇ ਤੇ ਉਹਨਾਂ ਦਾ ਦੂਰੋਂ ਦੂਰੋਂ ਸਾਇਆ ਹੀ ਤਕਿਆ ਹੈ ਜਿਨਾਂ ਨੇ ਹਜ਼ੂਰ ਤੋਂ ਛੁਹ ਪਰਾਪਤ ਕਰਕੇ "ਮਾਨਸ ਤੋਂ ਦੇਵਤੇ ਕੀਏ" ਅਥਵਾ ਪਸੂ ਪਰੇਤਹੁ ਦੇਵ ਕਰ ਪੂਰੇ ਸਤਿਗੁਰ ਕੀ ਵਡਿਆਈ, ਇਸ ਲਈ ਮੈਂ ਸਵੇਰੇ ਸਭ ਤੋਂ ਪੈਹਲਾ ਵਕਤ, ਜਿਸ ਸੁਭਾਗੇ ਸਮਯ ਨੂੰ ਪਾਤਸਾਹਾਂ ਨੇ ਅੰਮ੍ਰਿਤ ਵੇਲਾ ਕਰਕੇ ਉਚਾਰਿਆ ਹੈ ਵੰਨਗੀ ਮਾਤ੍ਰ ਨਮੂਨਾਂ ਦਸ-ਦੀਹਾਂ ਜੀ।

'ਅੰਮ੍ਰਿਤ ਵੇਲਾ"

ਸਵਾ ਪਹਿਰ ਰਾਤ ਰਹਿੰਦੀ ਨੂੰ ਸਤਿ-ਗੁਰਾਂ ਨੇ ਅੰਮ੍ਰਤ ਵੇਲੇ ਦਾ ਨਾਮ ਬਖਸ਼ਿਆ ਹੈ' ਸ਼ਾਸਤ੍ਰ ਵਿਚ ਵੀ ਇਸ ਘੜੀ ਨੂੰ ਬ੍ਰਹਮ ਮਹੂਰਤ ਕਰ ਕੇ ਵਰਨਨ ਕੀਤਾ ਹੈ ਪ੍ਰਾਚੀਨ ਕਾਲ ਥੀਂ ਹੀ ਮਹਾ ਪੁਰਸ਼ਾਂ ਯੋਗੀਜਨਾ ਰਿਖੀਆਂ ਮੁਨੀਆਂ ਨੇ ਅੰਮ੍ਰਤ ਵੇਲਾ ਹੀ ਸਿਰਮਨ ਤੇ ਅਰਾ-ਧਣ ਤੇ 'ਜਾਂਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗ ਲਾਗ" ਲਈ ਚੁਨਿਆ ਸੀ। ਇਹ ਉਹ ਸਮਾ ਹੈ ਜਦ ਸੁਰਤੀ ਦਿਨ ਭਰ ਦੇ ਧੰਦਿਆ ਵਿਚ ਥਕੀ ਸੁਰਤ ਰਾਤ ਦੇ ਤਿਨ ਪਹਿਰਾ ਵਿਚ ਆਪਣੀ ਥਕਾਨ ਉਤਾਰ ਕੇ ਤਰੋ ਤਾਜਾ ਨਿਰਮਲ ਤੇ ਸੂਛ ਹੋ ਚੁਕੀ ਹੁੰਦੀ ਹੈ! ਸਿਆਨੇਆਂ ਨੇ ਇਸ ਨੂੰ ਈਸ੍ਵਰ ਦੀ ਸੰਧੀ ਦਾ ਵਕਤ ਦਸਿਆ ਹੈ। ਇਹ ਉਹ ਸੁਭਾਗਾ ਵਕਤ ਹੈ ਜਦ ਕੇ ਅਗਿਆਨ ਰੂਪੀ ਅਨੇਰੇ ਦਾ ਪਰਦਾ ਬਿਲਕੁਲ ਬਾਰੀਕ ਹੋਕੇ ਰੂਹ ਦੀ ਸਦਾ ਦੀ ਖੂਬਸੂਰਤੀ ਦਿਸਣ ਵਿਚ ਕੋਈ ਰੁਕਾਵਟ ਨਹੀ ਹੁੰਦੀ। ਬਾਣੀ ਵਿਚ ਇਸ ਵੇਲੇ ਨੂੰ ਖੇਤਰ ਦਾ ਵਕਤ ਵੀ ਲਿਖਿਆ ਹੈ ਅੰਮਿਰਤ ਵੇਲੇ ਵਤੈ ਕਾ ਬੀਜਿਆ ਭਗਤ ਖਾਇ ਖਰਚ ਰਹੇ ਨਿਖੁਟੇ ਨਾਹੀ।

ਸਤਿਗੁਰੂ ਪਰਤਾਪ ਸਿੰਘ ਜੀ ਧਰਤੀ ਦੇ ਜਿਸ ਹਿਸੇ ਨੂੰ ਵੀ ਭਾਗ ਲਾਵਣ ਅੰਮਿਰਤ ਵੇਲੇ ਜਦੋਂ ਕਿ ਸਿਨੇਮਾਂ ਮਈ ਦੁਨੀਆਂ ਗਾਹੜੀ ਨੀਂਦ ਸੌਂਦੀ ਹੈ ਸ੍ਰੀ ਆਸਾ ਜੀ ਦੀ ਵਾਰ ਦੀਆਂ ਪਵਿਤਰ ਧੁਨਾਂ ਨਾਲ ਜੀਵ ਜੰਤ ਵਣ ਤ੍ਰਿਣ ਪ੍ਰਿਥਵੀ ਅਕਾਸ਼ ਜਲ ਵਾਯੂ, ਨੂੰ ਪਵਿਤਰ ਕਰਦੇ ਹਨ ਮੈਂ ਜਦ ਜਲ ਕੇਸਾਂ ਵਿਚ ਪਾਨੀ ਹਾਂ ਇਕ ਇਕ ਰੋਮ ਨੂੰ ਅਨੇਕਾਂ ਜੇਹਬਾ ਲਗ ਜਾਂਦੀਆ ਹਨ ਤੇ ਧੰਨ ਸਤਿਗੁਰੂ ਧੰਨ ਸਤਿਗੁਰੂ ਦੀ ਅਮੁਕ ਗੂੰਜ ਮੂੰਹ ਵਿਚੋਂ ਨਿਕਲਦੀ ਹੈ ਉਸ ਸਮੇਂ ਦਾ ਆਨੰਦ ਵਰਨਨ ਨਹੀਂ ਕੀਤਾ ਜਾ ਸਕਦਾ। ਪਾਤਸਾਹਾਂ ਦੇ ਪਰਮ ਪਵਿਤਰ ਕਰ ਕਮਲਾਂ ਵਿਚ ਬਾਰੰਬਾਰ ਇਹੀ ਅਰਦਾਸ ਹੈ ਜੋ ਜਿਥੇ ਕਲਿਯੁਗੀ ਜੀਵਾਂ ਨੂੰ ਨਾਮ ਦਾ ਦਾਨ ਬਖਸ ਕੇ ਨਿਹਾਲ ਕੀਤਾ ਨੇ ਇਹ ਵੀ ਦਾਤ ਬਖਸ਼ੋ ਜੋ ਜਿਥੇ ਵੀ ਆਪਦਾ ਇਕ ਵੀ ਨਾਮ ਲੇਵਾ ਹੋਵੇ ਪਿਛਲੇ ਪਹਿਰ ਜ਼ਰੂਰ ਆਸਾ ਜੀ ਦੀ ਵਾਰ ਬਾਬੇ ਮੁਕਤੇ ਵਾਂਗ ਲਾਵੇ! ਕਿਓਂ ਕਿ ਹਜ਼ੂਰ ਨੇ ਤਾਂ ਸਿਖ ਚੰਦਨ ਦੀ ਬੂਟੀ ਬਣਾਏ ਹਨ ਜਿਥੇ ਵੀ ਜਾਵਣ ਆਪਦੀ ਬਖਸ਼ੀ ਹੋਈ ਮਤ ਆਪ ਦਾ ਦਿਤਾ ਹੋਇਆ ਨਾਮ ਦੀ ਸੁਗੰਧੀ ਨਾਲ ਆਪਣਾ ਆਲਾ ਦੁਆਲਾ ਮਹਿਕਾ ਦੇਵਣ ਆਪ ਦੇ ਅੰਬਾਰ ਭਰੇ ਹਨ ਆਪਦੇ ਘਰ ਕਿਸੀ ਵਸਤ ਦੀ ਕਮੀ ਨਹੀਂ।

ਰਾਮ ਦਾ ਔਰਤ ਤੇ ਉਪਕਾਰ

ਇਸਤ੍ਰੀ ਮੁਢੋਂ ਹੀ ਗੁਲਾਮ ਰਹੀ ਹੈ। ਆਖਣ ਨੂੰ ਤੇ ਇਸ ਨੂੰ ਭਾਵੇਂ ਅਰਧੰਗੀ ਮਾਲਕਿਆਣੀ ਹੋਰ ਪਤਾ ਨਹੀਂ ਕੀ–ਕੀ ਆਖਿਆ ਜਾਂਦਾ ਰਿਹਾ ਹੈ ਪਰ ਸਮਝਦੇ ਰਹੇ ਹਨ ਇਸ ਨੂੰ ਪੈਰ ਦੀ ਜੁਤੀ ਹੀ। ਮਨੂੰ ਮਹਾਰਾਜ ਨੇ ਇਸ ਦੀ ਗਿਣਤੀ ਸ਼ੂਦਰਾਂ ਵਿਚ ਹੀ ਕੀਤੀ ਹੈ ਅਤੇ ਸ਼ੂਦਰ ਅਜ ਤੀਕ ਵੀ ਤ੍ਰਿਸਕਾਰੇ ਹੀ ਜਾਂਦੇ ਹਨ।

ਆਦਮੀ ਤੀਵੀਂ ਦਾ ਭਾਗ ਵਿਧਾਤਾ ਰਿਹਾ ਹੈ। ਤੀਵੀਂ ਨੂੰ ਆਪਣੇ ਭਾਗ ਆਪ ਬਨਾਣ ਦਾ ਵਕਤ ਹੀ ਨਹੀਂ ਦਿਤਾ ਗਿਆ ਅਤੇ ਉਸ ਨੂੰ ਹਮੇਸ਼ਾ ਗੁਲਾਮ ਬਣਾਕੇ ਹੀ ਰਖਿਆ ਗਿਆ ਹੈ। ਇਸ ਗੁਲਾਮੀ ਨੂੰ ਪੀੜਿਆਂ ਤੇ ਪਕਿਆਂ ਕਰਨ ਲਈ, ਆਮ ਬੇਕਾਬੂ ਜਾਨਵਰਾਂ ਵਾਂਗ ਤੀਵੀਂ ਦੇ ਨਕ ਵਿਚ ਨੱਥ ਪਾਈ ਗਈ। ਇਹ ਨੱਥ ਜਿਥੇ ਮਾਰਖੋਰ ਸੰਢਿਆਂ ਦੇ ਨੱਕ ਵਿਚ ਲੋਹੇ ਦੀ ਜਾਂ ਰਸੀ ਦੀ ਹੈ, ਉਥੇ ਤੀਵੀਂ ਦੇ ਨੱਕ ਵਿਚ ਸੋਨੇ ਦੇ ਗਹਿਣੇ ਦੇ ਰੂਪ ਵਿਚ ਪਾਈ ਗਈ। ਕਿਡੀ ਚਲਾਕੀ ਹੈ ਮਰਦ ਦੀ ਇਹ,ਤੇ ਤੀਵੀਂ ਦਾ ਕੇਡਾ ਭੋਲਾਪਨ ਤੇ ਸਿਧਰਾਪਨ ਹੈ ਇਹ, ਕਿ ਉਹ ਇਸ ਗੁਲਾਮੀ ਨੂੰ ਭੂਖਣ ਹੀ ਸਮਝਦੀ ਰਹੀ ਅਤੇ ਸਮਝ ਰਹੀ ਹੈ।

ਕੌਣ ਨਹੀਂ ਜਾਣਦਾ ਕਿ ਰਥ ਦੀ ਗਡੀ ਦੇ ਇਹ ਆਦਮੀ ਤੇ ਤੀਵੀਂ ਦੋ ਪਹੀਏ ਹਨ ਅਤੇ ਦੋਵੇਂ ਸਾਮਾਨ ਹਨ ਜੇ ਇਕ ਉਚਾ ਹੋਵੇ ਤੇ ਇਕ ਨੀਵਾਂ ਫਿਰ ਗੱਡੀ ਕਿਵੇਂ ਚਲ ਸਕਦੀ ਹੈ ਤੇ ਲੀਹੇ ਵਿਚ ਬੈਠ ਕੇ ਭਾਰ ਕਿਵੇਂ ਖਿਚ ਸਕਦੀ ਹੈ। ਇਸ ਗਲ ਨੂੰ ਕਿਸੇ ਵੀ ਅਨਭਵ ਨਾ ਕੀਤਾ। ਸਾਰੇਇਸ ਨੂੰ ਤ੍ਰਿਸਕਾਰਦੇ ਤੇ ਤੁਛ ਹੀ ਸਮਝਦੇ ਅਜ ਤੀਕ ਲਗੇ ਆਏ ਨੇ।

ਇਸਤ੍ਰੀ ਜਾਤੀ ਦੇ ਭਾਗਾਂ ਨੂੰ ਸੰਮਤ ੧੮੭੨ ਵਿਚ ਬਸੰਤ ਦੇ ਦਿਨ ਇਕ ਮਹਾਨ ਜੋਤੀ ਦਾ ਪ੍ਰਕਾਸ਼ ਹੋਇਆ। ਉਹ ਜੋਤੀ ਭਾਰਤ ਦੀ ਅਜ਼ਾਦੀ ਦੇ ਦੇਵਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜੋਤੀ ਸੀ। ਜਿਸ ਨੇ ਜਿਥੇ ਜ਼ਾਲਮ ਤੇ ਜਾਬਰ ਹਕੂਮਤ ਦੇ ਖਿਲਾਫ ਜਹਾਦ ਖੜਾ ਕੀਤਾ ਉਥੇ ਭਾਈ ਚਾਰਕ ਤੇ ਸੋਸ਼ਲ ਸੁਧਾਰ ਲਈ ਵੀ ਪੂਰਾ ਤਾਨ ਲਾਇਆ। ਉਸ ਵਿਚ ਮਾਰਕੇ ਦੀਗਲ ਇਹ ਕਿ ਇਸਤ੍ਰੀ ਦੀ ਸਦੀਆਂ ਤੋਂ ਚਲੀ ਆ ਰਹੀ ਗੁਲਾਮੀ ਨੂੰ ਦੂਰ ਕਰਕੇ ਸਮਾਨਤਾ ਦੇ ਅਧਿਕਾਰ ਪ੍ਰਦਾਨ ਕਰਨਾ ਤੇ ਗੁਲਾਮੀ ਦੇ ਨਿਸ਼ਾਨ ਨੱਥ, ਨੂੰ ਇਸਤ੍ਰੀ ਦੇ ਨੱਕ ਵਿਚੋਂ ਲਾਹਕੇ ਉਸ ਨੂੰ ਵੀ ਆਜ਼ਾਦ ਕਰਾਣ ਦਾ ਮਹਾਨ ਕੰਮ ਸੀ। ਭਾਰਤ ਵਰਸ਼ ਦੇ ਆਪ ਉਹ ਪਹਿਲੇ ਆਗੂ ਹੋਏ ਹਨ ਜਿਨ੍ਹਾਂ ਨੇ ਤੀਵੀ ਨੂੰ ਮਰਦ ਦੀ ਬ੍ਰਾਬਰੀ ਦੇ ਅਧਿਕਾਰ ਬਖਸ਼ੇ–

(੧)ਸਭ ਤੋ ਪਹਿਲੇ ਤੀਵੀਂ ਤੇ ਮਰਦ ਵਿਚ ਇਕਸਾਰਤਾ ਤੇ ਇਕ ਰੂਪਤਾ ਪੈਦਾ ਕਰਨ ਲਈ ਦੋਹਾਂ ਨੂੰ ਇਕੋ ਬਾਟੇ ਵਿਚੋਂ ਇਕਸ ਤਰਾਂ ਦਾ ਹੀ ਅੰਮ੍ਰਤ ਛਕਾਕੇ ਸਾਮਾਨਤਾ ਦੇ ਅਧਿਕਾਰ ਬਖਸ਼ੇ।

(੨)ਦੂਜਾ ਜੋ ਆਪ ਦਾ ਬਹੁਤ ਵਡਾ ਪ੍ਰਉਪਕਾਰ ਹੈ ਉਹ ਹੈ ਇਸਤ੍ਰੀ ਨੂੰ ਵਿਦਿਆ ਪੜ੍ਹਾਨਾ ਲਾਜਿਮੀ ਕਰ ਦੇਣਾ। ਆਪ ਜੀ ਦਾ ਹੁਕਮ ਹੈ ਕਿ–

"ਗੁਰਮੁਖੀ ਅਖਰ ਸਭ ਨੇ ਪੜ੍ਹਨੇ ਮਾਈਆਂ ਬੀਬੀਆਂ ਬਚਿਆਂ ਬੁਢਿਆਂ ਨੇ–,,

ਇਸ ਸਵਰਨਮਈ ਹੁਕਮ ਤੇ ਇਸਤ੍ਰੀ ਜਾਤੀ ਜਿੰਨਾ ਮਾਣ ਕਰੇ ਉਹ ਥੋੜਾ ਹੈ। ਵਿਦਿਆ ਪੜ੍ਹਨ ਤੇ ਅਖਰਾਂ ਦੀ ਪਹਿਚਾਨ ਬਿਨਾਂ ਭਾਵੇਂ ਕੋਈ ਕੇਡਾ ਵੀ ਸਿਆਣਾ ਤੇ ਸੁਚੱਜਾ ਹੋਵੇ ਉਹ ਬੁਧੂ ਹੈ ਅਗਿਆਨੀ ਹੈ। ਸਤਿਗੁਰੂ ਜੀ ਨੇ ਜਦ

ਇਹ ਹੁਕਮ ਦਿਤਾ ਸੀ ਓਦੋਂ,ਤੀਵੀਂ ਦੀ-ਮਾਈਆਂ ਬੀਬੀਆਂ ਦੀ–ਗਲ ਤੇ ਕਿਤੇ ਰਹੀ ਮਰਦ ਵੀ ਆਮ ਤੌਰ ਤੇ ਅਨਪੜ ਤੇ ਜਾਹਲ ਹੀ ਸਨ।

(੩) ਤੀਜਾ ਮਹਾਨ ਕੰਮ ਮੇਰੇ ਸਤਿਗੁਰੂ ਦਾ ਪੜਦੇ ਦੀ ਲਾਹਨਤ ਦੂਰ ਕਰਨਾਂ ਹੈ । ਇਸ ਦਾ ਇਹ ਭਾਵ ਨਹੀਂ ਕਿ ਮੇਰੀ ਕੌਮ ਦੀਆਂ ਮਾਂਵਾਂ ਭੈਣਾਂ ਬੇ ਪੜਦ ਹੀ ਹਨ। ਨਹੀਂ ਉਹ ਬਨਾਵਟੀ ਪੜਦਾ ਨਹੀਂ ਕਰਦੀਆਂ ਉਹ ੨੯ ਨੰਬਰ ਦੀ ਮਹੀਨ ਮਲਮਲ ਜਾ ਜਾਲੀ ਦਾ ਦੁਪੱਟਾ ਸਿਰ ਤੇ ਲੈਕੇ ਘੁੰਡ ਨਹੀਂ ਕਢਦੀਆਂ ਪਰ ਉਨਾਂ ਦੀਆਂ ਅੱਖਾਂ ਵਿਚ ਲਾਜ ਹੈ । ਉਨਾਂ ਦੇ ਨੈਣ ਨੀਵੇਂ ਹਨ । ਉਹ ਸ਼ਰਮ ਹਜ਼ੂਰ ਹਨ । ਪੜਦਾ ਅਖਾਂ ਦਾ ਪੜਦਾ ਹੈ । ਜਿੰਨਾਂ ਅਖਾਂ ਵਿਚ ਸ਼ਰਮ ਨਹੀਂ ਲਾਜ ਨਹੀਂ ਇਜਤ ਬੇ ਇਜਤੀ ਦਾ ਖਿਆਲ ਨਹੀ ਉਹ ਭਾਂਵੇ ਕਿੰਨੇ ਵੀ ਬੁਰਕੇ ਪਾਕੇ ਸਤਾਂ ਕੋਠ-ੜੀਆਂ ਅੰਦਰ ਵੀ ਕਿਉਂ ਨਾਂ ਡਕੀਆਂ ਫਿਰਨ ਓਹ ਫਿਰ ਵੀ ਬੇ-ਪੜਦ ਹਨ।

ਮੇਰੇ ਪਿਤਾ ਗੁਰਦੇਵ ਨੇ ਸਾਨੂੰ ਆਚਰਨ ਸ਼ਰਮ ਹਯਾ ਦਾ ਪੜਦਾ ਪਹਿਨਾ ਕੇ ਸੰਸਾਰ ਤੋਂ ਉਚਿਆਂ ਕੀਤਾ ਹੈ ।

(੪)ਬਾਲ ਵਿਆਹ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ। ਅਨਪੜ ਤੇ ਜਾਹਲ ਮਾਪੇ ਗੁਡੇ ਗੁਡੀਆਂ ਵਾਂਗ ਹੀ ਧੀਆਂ ਪਰਨਾ ਦਿੰਦੇ ਸਨ । ਜਿਸਤੋਂ ਕਈ ਭਿਆਨਕ ਨਤੀਜੇ ਨਿਕਲ ਦੇ ਰਹੇ ਹਨ । ਇਕ ਸਾਰਤਾ ਨਹੀਂ ਹੰਦੀ, ਅਨਜੋੜ ਹੀ ਰਹਿੰਦਾ ਹੈ। ਹੋਰ ਵੀ ਅਨੇਕਾਂ ਬੁਰਿਆਈਆਂ ਨੇ ਜਿੰਨਾਂ ਨੂੰ ਅਜ ਦਾ ਸਾਰਾ ਸਮਾਜ ਮੰਨਦਾ ਹੈ। ਪਰ ਮੇਰੇ ਸਰਿਗੁਰੂ ਨੇ ਤਾਂ ਅਜ ਤੋਂ ਸੌ ਸਾਲ ਪਹਿਲਾਂ ਉਸ ਅੰਨੇਰ ਗਰਦੀ ਅਨਪੜ੍ਹਤਾ ਤੇ ਅਗਿਆਨਤਾ ਦੇ ਜੁਗ ਵਿਚ ਹੁਕਮ ਦਿਤਾ ਸੀ ਕਿ–"ਸਾਰੇ ਬਹੀਰ ਨੂੰ ਇਹ ਹੁਕਮ ਸੁਣਾ ਦੇਣਾਂ ਜੋ ਪੰਦਰਾਂ ਸੋਲਾਂ ਬਰਸ ਤੋਂ ਘਟ ਕੋਈ ਕੁੜੀ ਨਾ ਬਿਆਹੇ।"

ਤਦ ਤੋਂ ਲੈਕੇ ਅਜ ਤੀਕ ਮੇਰੇ ਨਾਮਧਾਰੀ ਸਮਾਜ ਵਿਚ ਬਾਲ ਵਿਆਹ ਨਹੀਂ ਹੁੰਦੇ, ਨਹੀ ਹੋ ਸਕਦੇ ਨਹੀ ਕੀਤੇ ਜਾ ਸਕਦੇ।

(੫) ਵਟਾ ਕਰਨਾ ਸਾਡੇ ਦੇਸ ਦੀ ਬੜੀ ਭੈੜੀ ਤੇ ਕੋਝੀ ਰਸਮ ਹੈ । ਨਾਲ ਹੀ ਇਸਤ੍ਰੀ ਜਾਤੀ ਦੀ ਵੀ ਬਹੁਤ ਭਾਰੀ ਬੇ-ਇਜਤੀ ਹੈ। ਜਿਸਨੂੰ ਮੇਰਾ ਸਤਿਗੁਰੂ ਬ੍ਰਦਾਸ਼ਤ ਨਾ ਕਰ ਸਕਿਆ ਤੇ ਆਪਣੇ ਜਰੂਰੀ ਤੇ ਮੁਖ ਨਿਯਮਾਂ ਵਿਚੋਂ ਆਪਣੇ ਸੰਤ ਸਿਪਾਹੀ ਨਾਮਧਾਰੀ ਸਮਾਜ ਲਈ ਹੁਕਮ ਕੈਮ ਕਰ ਦਿਤਾ ਕਿ–"ਬਟਾ ਨਹੀ ਕਰਨਾ।"

ਕੋਈ ਵੀ ਨਾਮਧਾਰੀ ਇਸ ਭੈੜੀ ਰਸਮ ਨੂੰ ਕਰਨ ਦੀ ਢਿਠਾਈ ਕਰਨ ਤੇ ਨਾਮਧਾਰੀ ਨਹੀ ਰਹਿ ਸਕਦਾ। ਉਸੇ ਸਮੇਂ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ।

(੬) ਇਸਤ੍ਰੀ ਦੀ ਬੇ-ਪੜਦਗੀ ਦੂਰ ਕਰਨ ਲਈ ਮਰਦਾਂ ਦੇ ਨਾਲ ਹੀ ਕਛੈਹਰਾ ਧਾਰਨ ਕਰਾਕੇ ਮਰੇ ਵਾਲੀ ਨੇ ਸਾਡੇ ਤੇ ਅਜਿਹਾ ਉਪਕਾਰ ਕੀਤਾ ਕਿ ਸਾਡੇ ਵਿਚ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਿਆਂ ਉਹ ਸ਼ਕਤੀ ਆ ਗਈ ਜਿਹੜੀ ਕੋਟਲੇ ਦੇ ਮੈਦਾਨ ਵਿਚ ਆਪਣੇ ਪਤੀ ਤੇ ਪੁਤਰ ਕੁਰਬਾਨ ਕਰਕੇ ਵੀ ਸਾਡੀਆਂ ਮਾਵਾਂ "ਇੰਦ ਕੌਰ ਤੇ ਖੇਮ ਕੌਰ, ਆਜ਼ਾਦੀ ਦਾ ਝੰਡਾ ਝੁਲਾਂਦੀਆਂ ਰਹੀਆਂ ਤੇ ਵੀਰਾਂ ਨੂੰ ਪ੍ਰੇਰਨਾਂ ਦੇਂਦੀਆਂ ਕਿ–ਆਓ ਜਿਸ ਧਰਮ ਹੇਤ ਆਜ਼ਾਦੀ ਲਈ, ਗਊ ਗ੍ਰੀਬ ਦੀ ਸੁਤੰਤਰਤਾ ਲਈ ਸੀਸ ਦੇਣਾ ਹੈ। ਇਹ ਸਾਰੀ ਬਰਕਤ ਮੇਰੇ ਵਾਲੀ, ਮੇਰੇ ਪਿਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੀ। ਜਿੰਨਾਂ ਨੇ ਤੀਵੀਂ ਨੂੰ ਮਰਦ ਦੀ ਬਰਾਬਰੀ ਦੇ ਅਧਿਕਾਰ ਬਖਸ਼ੇ।

ਮੇਰੀ ਦਿਲੋਂ ਰੀਝ ਹੈ ਕਿ ਮੇਰੀਆਂ ਦਿਲੀ ਦੀਆਂ ਹੀ ਨਹੀਂ ਸਾਰੇ ਸੰਸਾਰ ਦੀਆਂ ਨਾਮਧਾਰੀ ਬਚੀਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਧਰਮ ਪ੍ਰਚਾਰ ਤੇ ਇਸਤ੍ਰੀ ਨੂੰ ਸਵਤੰਤਰਤਾ ਦੀ ਜਾਚ ਸਿਖਲਾਨ, ਮਾਤਾ ਇੰਦ ਕੌਰ ਤੇ ਖੇਮ ਕੌਰ ਦੀ ਯਾਦ ਵਿਚ ਇਕ ਇਸਤ੍ਰੀ ਸੁਧਾਰ ਦਲ ਕਾਇਮ

ਕਰੀਏ ਤੇ ਆਪਣੀਆਂ ਹੋ ਚੁਕੀਆਂ ਮਾਵਾਂ ਦੀ ਯਾਦ ਤਾਜ਼ਾ ਰਖਣ ਲਈ ਉਨ੍ਹਾਂ ਦੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਓਹੀ ਝੰਡਾ ਆਪਣੇ ਹਥ ਵਿਚ ਲੈਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪਰਮ ਪਵਿਤਰ ਨਾ ਸਾਰੇ ਸੰਸਾਰ ਵਿਚ ਰੋਸ਼ਨ ਕਰੀਏ। ਸਾਡੇ ਕੋਲ ਸਾਡੇ ਸਨਮਾਨ ਯੋਗ ਬੀਬੀ ਲੀਲਾਵੰਤੀ ਜੀ ਹਨ ਜਿੰਨਾਂ ਦੀ ਅਗਵਾਈ ਵਿਚ ਅਸੀਂ ਬਹੁਤ ਅਗੇ ਵਧ ਸਕਦੀਆਂ ਹਾਂ। ਸਾਡੇ ਕੋਲ ਸਕੁੰਤਲਾ ਭੈਣ ਜੀ ਜਿਹੇ ਵਿਦਵਾਨ ਤੇ ਕੌਮ ਪਿਆਰ ਵਾਲੇ ਹਨ, ਜਿੰਨਾਂ ਦੀ ਕਲਮ ਵਿਚ ਤਾਕਤ ਹੈ ਜਿੰਨਾ ਦਾ ਜੀਵਨ ਮਹਾਨ ਹੈ। ਮੈਂ ਇਨਾਂ ਦੋਹਾਂ ਸਨਮਾਨ ਯੋਗ ਵਿਯਕਤੀਆਂ ਨੂੰ ਅਰਜ਼ ਕਰਾਂਗੀ ਕਿ—ਮੇਰੀ ਇਹ ਬੇਨਤੀ ਪ੍ਰਵਾਨ ਕਰਕੇ, ਹਰ ਅੱਠੀਂ ਦਿਨੀ ਕਿਸੇ ਇਕ ਥਾਂ ਇਕੱਠੇ ਹੋਕੇ ਉਹ ਸਾਨੂੰ ਨਾਮਧਾਰੀ ਇਤਿਹਾਸ ਨਾਮਧਾਰੀ ਆਚਰਨ ਤੇ ਚਲਨ ਦੀ ਸਿਖਿਆ ਦੇਣ ਦਾ ਕੋਈ ਸੋਹਣਾ ਪ੍ਰੋਗ੍ਰਾਮ ਦਿਲੀ ਵਿਚ ਕਾਇਮ ਕਰਕੇ ਫਿਰ ਸਾਰੇ ਉਸਦੀ ਕਾਇਮੀ ਕਰਨ।

ਪੰਥ ਦੀ ਬੱਚੀ—

[ਹਰਸ਼ਰਨ ਕੌਰ ਦਿਲੀ

ਆਸ਼ਕ ਰਬ ਦਾ

[ਮਹੰਤ ਦਲੀਪ ਸਿੰਘ ਜੀ ਪੰਛੀ

ਰਾਤ ਪੋਹ ਦੀ ਸੀਤ ਪਵੇ ਤੇ ਠਕਾ ਵਗਦਾ ਭਾਰੀ।
ਬਦਲ ਗਰਜੇ ਬਿਜਲੀ ਕੜਕੇ ਉਤੋਂ ਬਾਰਸ਼ ਜਾਰੀ।
ਪਾਲਾ ਕੇਹਰ ਦਾ ਇਤਨਾ ਪੈਂਦਾ ਲਹੂ ਵੀ ਜੰਮਦਾ ਜਾਵੇ।
ਰਾਤ ਹਨੇਰੀ ਗਲੀਆਂ ਚਿਕੜ ਪੈਰ ਨਾ ਧਰਿਆ ਜਾਵੇ।
ਛਪੜ ਖਾਲੇ ਪਾਣੀ ਜਮ ਗਏ, ਬਰਫ ਹੈ ਇਤਨੀ ਪੈਂਦੀ।
ਦੁਨੀਆਂ ਵਿਚ ਰਜਾਈਆਂ ਸੁਤੀ, ਉਚੀ ਸਾਹ ਨਾ ਲੈਂਦੀ।
ਤਿਨ ਵਜੇ ਤੜਕੇ ਦੇ ਉਠਕੇ, ਕੂਕੇ ਗੜਵਾ ਫੜਿਆ।
ਪੈਰੀਂ ਪਊਏ ਉਤੇ ਕੰਮਲੀ ਖੂਹ ਤੇ ਜਾਕੇ ਚੜ੍ਹਿਆ।
ਲਾਹਕੇ ਕਪੜੇ ਕਢਕੇ ਪਾਣੀ, ਸਿਰ ਦੇ ਵਿਚ ਉਹ ਪਾਵੇ।
ਜਿਉਂ ੨ ਪਾਲਾ ਜੋਰੀਂ ਪੈਂਦਾ, ਤਿਉਂ ੨ ਮਲ ੨ ਨਾਵੇ।
ਕਰ ਅਸ਼ਨਾਨ ਤੇ ਜਪਜੀ ਪੜ੍ਹਕੇ, ਆਸਨ ਤੇ ਬੈਹ ਜਾਂਦਾ।
ਮਾਲਾ ਫੜਕੇ ਲਾ ਸਮਾਧੀ, ਰਬ ਦਾ ਨਾਮ ਧਿਆਂਦਾ।
ਇਕ ਪੈਹਰ ਦੀ ਲਾ ਸਮਾਧੀ, ਫੇਰ ਉਹ ਪੜਦਾ ਬਾਣੀ।
ਹਰ ਰੋਜ ਦਾ ਕਿਤਾ ਉਸਦਾ, ਏਸੇ ਤਰਾਂ ਦਾ ਜਾਣੀ।
ਜਿਨ੍ਹਾਂ ਨੂੰ ਪਾਪਾਂ ਦਾ ਪਾਲਾ, ਪਾਲਾ ਉਹਨਾਂ ਹੋਵੇ।
ਜਿਨ੍ਹਾਂ ਦਾ ਦਿਲ ਸਾਫ ਹੋਂਵਦਾ, ਉਹਨਾਂ ਨੂੰ ਨਾ ਛੋਹਵੇ।

'ਮੌਤ ਨੂੰ!'

'ਰਾਹੀ' ਜੀ ਨੇ ਆਪਣੀ ਕਵਿਤਾ 'ਮੌਤ ਨੂੰ' ਦੇ ਨਾਲ ਮੌਤ ਦਾ ਖੁਲਾਸਾ ਵੀ ਦਿਤਾ ਹੈ ਤੇ ਸਤਿਜੁਗ ਦੀਆਂ ਕਵਿਤਾਵਾਂ ਉਤੇ ਸਮੂਚੇ ਤੌਰ ਤੇ ਅਲੋਚਨਾਂ ਵੀ ਕਰ ਘਲੀ ਹੈ। ਅਲੋਚਨਾਂ ਭਾਵੇਂ ਨਿਜੀ ਹੈ, ਪਰ ਥੋੜੀ ਜਿੰਨੀ ਕਵੀਆਂ ਲਈ ਸਿਖਿਆਦਾਇਕ ਹੋਣ ਕਰਕੇ ਮੈਂ ਏਸਨੂੰ ਛਾਪਣਾ ਠੀਕ ਸਮਝਿਆ ਹੈ।

ਅਲੋਚਨਾਂ ਵਿਚ 'ਰਾਹੀ' ਜੀ ਨੇ ਪੂਰੇ ਇਨਸਾਫ ਤੋਂ ਕੰਮ ਨਹੀਂ ਲਿਆ ਤੇ ਸਾਰੇ ਕਵੀਆਂ ਨੂੰ ਇਕੋ ਰਸੇ ਨਾਲ ਮਿਣ ਦਿਤਾ ਹੈ, ਜਿਸ ਵਿਚ ਉਹਨਾਂ ਦੀ ਆਪਣੀ ਕਵਿਤਾ ਵੀ ਆ ਜਾਂਦੀ ਹੈ। ਸ੍ਰੀ 'ਮਤਵਾਲਾ' ਜੀ 'ਆਜਿਜ਼' ਤੇ ਕਮਲ ਜੀ ਦੀਆਂ ਕਵਿਤਾਵਾਂਵੀ ਵਿਚ ਆ ਜਾਂਦੀਆਂ ਹਨ ਜੋ ਬਹੁਤ ਉਚ ਪਧਰ ਦੀਆਂ ਹਨ।

"ਮੌਤ ਨੂੰ" ਲਿਖੀ 'ਰਾਹੀ' ਜੀ ਦੀ ਕਵਿਤਾ ਬਹੁਤ ਹੀ ਸੁੰਦਰ ਹੈ ਜੋ ਉਹਨਾਂ ਦੇ ਸੁਲਝੇ ਦਿਮਾਗ ਦਾ ਸਬੂਤ ਹੈ। ਹੇਠਾਂ ਉਹਨਾਂ ਦੀ ਅਲੋਚਨਾਂ ਤੇ ਫਿਰ ਕਵਿਤਾ ਦੇ ਭਾਵ ਪੜਕੇ ਦੂਸਰੇ ਸਫੇ ਉਤੇ ਉਸ ਕਵਿਤਾ ਦਾ ਵੀ ਸੁਆਦ ਲਓ ਜਿਸਦਾ ਹੈਡਿੰਗ ਹੈ "ਮੌਤ ਨੂੰ!"

[ਰਾਜਿੰਦਰ ਸਿੰਘ

ਪਿਆਰੇ ਸਰਦਾਰ ਰਾਜਿੰਦਰ ਸਿੰਘ ਜੀ!

'ਬਾਰਾਂ ਮਾਹ' ਦੀ ਰਚਨਾਂ ਸੁਧ ਕਰਕੇ ਬਸੰਤ-ਨੰਬਰ ਵਿਚ ਛਾਪਕੇ ਤੁਸੀਂ ਮੈਨੂੰ ਧੰਨ-ਵਾਦੀ ਬਣਾਇਆ ਹੈ। ਮੈਂ ਜਦ ਵੀ ਸਤਿਜੁਗ ਦਾ ਪਰਚਾ ਪੜਦਾ ਹਾਂ ਤਾਂ ਇਕੋ ਹੀ ਤਰਾਂ ਦੀਆਂ ਕਵਿਤਾਵਾਂ ਮਾਹੀ ਨੂੰ ਤਰਲਾ, ਮਾਹੀ ਦੀ ਉਡੀਕ, ਬੇਨਤੀ, ਮਾਹੀ ਦੇ ਲਾਰੇ ਇਨਾਂ ਗਲਾਂ ਤੋਂ ਸਿਵਾ ਕੋਈ ਰੰਗਤ ਨਹੀਂ ਮਿਲਦੀ। ਮੇਰੀ ਇਹ ਖਾਹਸ਼ ਹੈ ਜਿਥੇ 'ਸਤਿਜੁਗ' ਨਾਮ-ਧਾਰੀ ਪੰਥ ਦਾ ਇਕ ਹਰਮਨ ਪਿਆਰਾ ਰਸਾਲਾ ਤੇ ਆਗੂ ਹੈ ਉਥੇ ਇਹ ਪੰਜਾਬੀ ਸਾਹਿਤ ਦੀ ਤੇ ਬੋਲੀ ਦੀ ਵੀ ਨਿਗਰ ਸੇਵਾ ਕਰ ਸਕੇ। ਸਤਿਜੁਗ ਵਿਚ ਇਕ ਸਮਸਿਆ ਪੂਰਵਕ ਕਵੀ ਦਰਬਾਰ ਦਿਤਾ ਜਾਇਆ ਕਰੇ। ਜਿਸ ਵਿਚ ਕਵੀ ਸਜਣ ਆਪਣੀ ਆਪਣੀ ਹਥ ਅਜਮਾਈ ਕਰਦੇ ਰਿਹਾ ਕਰਨ। ਚੰਗੀ ਕਵਿਤਾ ਨੂੰ ਇਨਾਮ ਵਜੋਂ ਛੇ ਮਹੀਨੇ ਲਈ ਸਤਿਜੁਗ ਦਾ ਪਰਚਾ ਚਾਲੂ ਕਰ ਦਿਤਾ ਜਾਵੇ। ਇਹ ਵੀ ਪ੍ਰਚਾਰ ਦਾ ਇਕ ਢੰਗ ਹੈ।

ਇਕ ਨਿਗੂਣਾ ਜਿਹਾ ਜਤਨ 'ਮੌਤ ਨੂੰ' ਇਕ ਕਵਿਤਾ ਘਲ ਰਿਹਾ ਹਾਂ। ਮੈਂ ਇਹ ਕਵਿਤਾ ਉਸ ਮੌਤ ਨੂੰ ਲਿਖੀ ਹੈ ਜੋ ਵਡੇ ਵਡੇ ਫਿਲਾਸਫਰ, ਵਿਦਵਾਨ ਤੇ ਪੰਥਾਂ ਦੇ ਮਹਾਨ ਆਗੂਆਂ, ਦਾਨੀਆਂ, ਸੰਤਾਂ, ਮਹੰਤਾਂ ਸਭ ਨੂੰ ਖਾ ਜਾਂਦੀ ਹੈ। ਜੋ ਫੁਲਾਂ ਨੂੰ ਬਹਾਰ ਆਉਣ ਤੋਂ ਪਹਿਲਾਂ ਤੋੜ ਸੁਟਦੀ ਹੈ। ਕਲੀਆਂ ਦੀ ਮੁਸ-ਕ੍ਰਾਹਟ ਖੋਹ ਲੈਂਦੀ ਹੈ। ਜਿਸਨੇ ਆਲਿਮ ਵਰਗੇ ਨਾਮਧਾਰੀ ਮਹਾਤਮਾਂ ਨਾਲ ਵੀ ਪ੍ਰੀਤ ਕਰਨੋਂ ਸੰਕੋਚ ਨਹੀਂ ਕੀਤਾ। ਉਸ ਆਲਮ ਦੇ ਜਾਣ ਨਾਲ ਇਹ ਸਾਰਾ ਆਲਮ ਹੀ ਇਕ ਸੁੰਞਾ ਸੁੰਞਾ ਡੇਰਾ ਜਾਪਦਾ ਹੈ, 'ਪ੍ਰੀਤਮ ਬਾਝੋਂ ਸਭ ਜਗ ਸੁੰਞਾ।' ਮੌਤ ਨੂੰ ਮੈਂ ਕੁਝ ਚਿਰ ਠਹਿਰਨ ਲਈ ਕਿਹਾ ਹੈ। ਤਿਆਰੀ ਵਿਚ ਜੋ ਕਮੀਆਂ ਹਨ ਉਨਾਂ ਨੂੰ ਪੂਰਾ ਕਰ ਲੈਣ ਦੇ, ਫੇਰ ਮੈਂ ਚਾਈਂ ਚਾਈਂ ਤੇਰੀ ਡੋਲੀ ਬੈਠ ਜਾਵਾਂਗਾ। ਪਰ ਹਾਲੇ ਤੂੰ ਆਪਣੀਆਂ ਅਖੀਆਂ ਘੁਟ ਤੇ ਚੁੰਨੀ ਹੇਠ ਲਕੋਕੇ ਚਲੀ ਜਾਹ।

ਪ੍ਰੀਤਮ ਸਿੰਘ 'ਰਾਹੀ'

Namdhari Elibrary NamdhariElibrary@gmail.com

ਮੌਤ ਨੂੰ

ਸ੍ਰ. ਪ੍ਰੀਤਮ ਸਿੰਘ ਜੀ 'ਰਾਹੀ'

ਸਾਂਭ ਲੈ ਮੌਤੇ ਸਾਲੂ ਅਪਣਾ,
ਨਾਂ ਬਣ ਇਤਨੀ ਕਹਿਰੀ।

ਅਜੇ ਨਾ ਮੰਦਰ ਦੇ ਵਿਚ ਅਪਣੇ, ਮੈਂ ਭਗਵਾਨ ਵਸਾਇਆ।
ਅਜੇ ਨਾਂ ਸਧਰਾਂ ਦੇ ਮਥੇ ਤੇ, ਸੂਹਾ ਤਿਲਕ ਲਗਾਇਆ।
ਅਜੇ ਨ ਮੇਰੇ ਚਮਨ ਦੇ ਅੰਦਰ, ਦਾਖੀ ਚੁੰਨਰੀ ਲਹਿਰੀ।
ਸਾਂਭ ਲੈ ਮੌਤੇ ਸਾਲੂ ਅਪਣਾ, ਨਾ ਬਣ ਇਤਨੀ ਕਹਿਰੀ।

ਅਜੇ ਨਾ ਮੇਰੀਆਂ ਆਸ ਕਰੂੰਬਲਾਂ, ਪਤੀਆਂ ਬਣ ਲਹਿਰਾਈਆਂ।
ਅਜੇ ਨਾ ਮੇਰਿਆਂ ਸੁਪਨਿਆਂ ਦੇ ਗਲ, ਵੀਣੀਆਂ ਕਿਸੇ ਵਲਾਈਆਂ।
ਅਜੇ ਨਾਂ ਮੇਰਾ ਚੰਨ ਚੌਧਵੀਂ, ਅਜੇ ਨਾ ਰਾਤ ਸੁਨਹਿਰੀ।
ਸਾਂਭ ਲੈ ਮੌਤੇ ਸਾਲੂ ਅਪਣਾ, ਨਾ ਬਣ ਇਤਨੀ ਕਹਿਰੀ।

ਅਜੇ ਨਾ ਮੇਰੀਆਂ ਅਖੀਆਂ ਕੋਲੋਂ, ਸਾਵਨ ਹੋਏ ਪਰਾਏ।
ਮਹਿੰਦੀ ਰੰਗੀਆਂ ਪੈੜਾਂ ਹਾਲੇ, ਵਿਹੜੇ ਨਾ ਮਹਿਕਾਏ।
ਅਜੇ ਨਾ ਮੇਰੇ ਜਖਮ ਆਠਰੇ, ਅਜੇ ਵੇਦਨਾਂ ਗਹਿਰੀ।
ਸਾਂਭ ਲੈ ਮੌਤੇ ਸਾਲੂ ਅਪਣਾ, ਨਾ ਬਣ ਇਤਨੀ ਕਹਿਰੀ।

ਅਜੇ ਨਾ ਮੇਰੇ ਖੰਭਾਂ ਅੰਦਰ, ਉਡਣ ਉਡਾਰੀਆਂ ਆਈਆਂ।
ਧਰਤੀ ਤੋਂ ਮੈਂ ਦਸ ਨਹੀਂ ਸਕਦਾ, ਅੰਬਰ ਦੀਆਂ ਉਚਾਈਆਂ।
ਸ਼ਿੰਗਾਰਕੇ ਸਿਰਕੇ ਦੀਆਂ ਨੋਕਾਂ, ਬਣ ਬਣ ਆਏਂ ਰੁਪਹਿਰੀ।
ਸਾਂਭ ਲੌ ਮੌਤੇ ਸਾਲੂ ਅਪਣਾ, ਨਾ ਬਣ ਇਤਨੀ ਕਹਿਰੀ।

ਪਲੂ ਹੇਠ ਛੁਪਾ ਲੈ ਦੀਵੇ ! ਆਲ੍ਹਣਾ ਨਾ ਸੜ ਜਾਏ।
ਏਸ ਆਲ੍ਹਣੇ ਦੀ ਅਗ ਕੋਲੋਂ, ਚਮਨ ਦਾ ਦਿਲ ਘਬਰਾਏ।
ਰਾਖ ਵੀ ਇਸਦੀ ਬਣ ਨਾ ਜਾਏ, ਹਰ 'ਆਲਮ' ਲਈ ਜਹਿਰੀ।
ਸਾਂਭ ਲੈ ਮੌਤੇ ਸਾਲੂ ਅਪਣਾ, ਨਾ ਬਣ ਇਤਨੀ ਕਹਿਰੀ।

Namdhari Elibrary NamdhariElibrary@gmail.com

ਖਾਣ-ਪੀਣ ਸਬੰਧੀ

ਜੀਵਨ ਜਾਚ

[ਪ੍ਰੋ: ਭਗਤ ਸਿੰਘ ਜੀ ਰੀਟਾਇਰਡ ਸੈਸ਼ਨ ਜੱਜ]

ਖਾਣਾ ਪੀਣਾ ਸਰੀਰਕ ਰਖਿਆ ਲਈ ਅਤਿ ਜ਼ਰੂਰੀ ਹੈ, ਇਸੇ ਲਈ ਕੁਦਰਤ ਨੇ ਇਸ ਨੂੰ ਜੀਵਨ ਦੇ ਵਡਿਆਂ 'ਸਵਾਦਾਂ' ਵਿਚੋਂ ਰਖਿਆ ਹੋਇਆ ਹੈ।

ਸਰੀਰ ਦੇ ਪਾਲਣ ਪੋਸਣ ਲਈ ਵਡ-ਮੁਲੀ ਤੇ ਦੁਰਲਭ ਖ਼ੁਰਾਕ ਦੀ ਲੋੜ ਨਹੀਂ ਸਗੋਂ ਜਿਨੀ ਮੋਟੀ, ਸਾਦਾ, ਕਈ ਵੇਰੀ ਸਸਤੀ ਖ਼ੁਰਾਕ ਹੋਵੇ ਓਨੀ ਚੰਗੀ ਰਹਿੰਦੀ ਹੈ, ਜੇ ਕਰ ਇਸਨੂੰ ਪਚਾ ਕੇ ਸਰੀਰ ਦਾ ਅੰਗ ਬਣਾਇਆ ਜਾ ਸਕੇ, ਤੇ ਵੈਸੇ ਸਾਫ ਹੋਵੇ।

ਅਣਛਾਤਾ ਆਟਾ, ਅਣ ਛਿਲੀਆਂ ਸਬਜੀਆਂ, ਸਾਗ, ਕਚੀਆਂ ਵਸਤੂਆਂ ਟਮਾਟਰ ਸਲਾਦ, ਮੂਲੀਆਂ ਗਾਜਰਾਂ ਸਭ ਲਾਭਦਾਇਕ ਹਨ। ਪਰ ਕਚੇ ਗੰਢੇ ਦਿਨ ਵੇਲੇ ਖਾਕੇ ਬਾਹਰ ਜਾਣਾਂ ਬਦਬੂ ਕਾਰਨ ਮਾੜਾ ਹੈ।

ਮਿਰਚ, ਮਸਾਲੇ ਸ਼ਰਬਤ ਸੋਡੇ, ਚਾਹ, ਸ਼ਰਾਬ, ਸਰੀਰ ਲਈ ਨਾਂ ਕੇਵਲ ਬੇਲੋੜੀਆਂ ਸਗੋਂ ਹਾਨੀ ਕਾਰਕ ਵਸਤੂ ਹਨ।

ਰੋਟੀ ਖਾਣ ਨੂੰ ਕਦੀ ਵਗਾਰ ਨ ਸਮ-ਝਿਆ ਜਾਵੇ, ਤੇ ਕੰਮ ਦੀ ਕਾਹਲੀ ਕਾਰਨ ਕਦੇ ਛਾਹਾ ਨ ਵਢਿਆ ਜਾਵੇ। ਕਾਹਲ ਵਿਚ ਖਾਧੀ ਹੋਈ ਵਸਤ ਛੇਤੀ ਨਹੀਂ ਪਚਦੀ ਸਗੋਂ ਖਰਾਬੀ ਉਤਪਨ ਕਰਦੀ ਹੈ। ਕਠਿਆਂ ਮਿਲਕੇ ਖਾਣਾਂ ਤੇ ਪਰਸੰਨਤਾਂ ਪੂਰਵਕ ਜਾਂ ਹਾਸੇ ਮਖੌਲ ਦੀਆਂ ਗਲਾਂ ਕਰਨੀਆਂ ਰੋਟੀ ਦੇ ਪਚਨ ਵਿਚ ਬੜੀ ਸਹਾਇਤਾ ਕਰਦੀ ਹੈ। ਪਰ ਬਹੁਤਾ ਹੱਸਿਆ ਨ ਜਾਏ।

ਪ੍ਰਸ਼ਾਦ ਛਕਣ ਤੋਂ ਪਹਿਲਾਂ ਹਥਾਂ ਨੂੰ ਜ਼ਰੂਰ ਧੋਤਾ ਜਾਵੇ ਤੇ ਜੇ ਹੋ ਸਕੇ ਤਾਂ ਸਾਬਣ ਨਾਲ। ਪੂੰਝਣ ਲਈ ਤੌਲੀਆ ਜਾਂ ਪਰਨਾਂ ਸਾਫ ਤੇ ਸੁਕਾ ਹੋਣਾਂ ਚਾਹੀਦਾ ਹੈ। ਹਥ ਧੋਕੇ ਹਥਾਂ ਨੂੰ ਕਈਆਂ ਦੇ ਵਰਤੇ ਹੋਏ ਤੌਲੀਏ ਨਾਲ ਸਾਫ ਕਰਨਾ ਇਕ ਹਾਸੋਹੀਣੀ ਗਲ ਹੈ। ਆਪੋ ਆਪਣੇ ਰੁਮਾਲ ਨਾਲ ਸਾਫ ਕਰਨਾ ਉਚਿਤ ਹੈ। ਚੁਲੀ ਜਰੂਰ ਕਰ ਲਈ ਜਾਵੇ ਤਾਂ ਜੋ ਦੰਦਾਂ ਦੀ ਮੈਲ ਤੇ ਪੀਕ ਆਦ ਰੋਟੀ ਚਿਥਦਿਆਂ ਅੰਦਰ ਨਾਂ ਜਾਵੇ। ਨਕ ਆਦਿ ਵੀ ਪਹਿਲਾਂ ਸਾਫ ਕਰ ਲਿਆ ਜਾਵੇ, ਤਾਂ ਕਿ ਖਾਂਦਿਆਂ ਖਾਂਦਿਆਂ ਸੂੰ, ਸੂੰ ਜਾਂ ਸੁਰੜ ਸੁਰੜ ਨਾ ਕਰਨਾਂ ਪਵੇ, ਰੁਮਾਲ ਜਾਂ ਛੋਟਾ ਜੇਹਾ ਕਪੜਾ ਅਗੇ ਰਖ ਲਿਆ ਜਾਵੇ ਤਾਂ ਜੋ ਖਾਣ ਲਗਿਆਂ ਕਪੜੇ ਨਾ ਲਿਬੜ ਜਾਣ ਜਾਂ ਝਟ ਪਟ ਵਰਤਣ ਵੇਲੇ ਜੇਬਾਂ ਨੂੰ ਨ ਫੋਲਣਾ ਪਵੇ।

ਮਨ ਨੂੰ ਸ਼ਾਂਤ ਤੇ ਸੋਚ ਰਹਿਤ ਕਰ ਲੈਣਾ ਵੀ ਬੜਾ ਗੁਣਕਾਰੀ ਹੈ, ਤੇ ਬੜਾ ਚੰਗਾ ਹੈ ਕਈ ਚੰਗਿਆਂ ਪੁਰਖਾਂ ਦਾ ਢੰਗ ਇਹ ਹੈ ਕਿ ਸੰਖੇਪ ਜਿਹੀ ਅਰਦਾਸ ਕਰ ਲਈ ਜਾਵੇ। ਪਸਚਮ ਦੇ ਈਸਾਈ ਦੇਸਾਂ ਵਿਚ ਵੀ 'ਗਰੇਸ' ਪੜਣ ਦਾ ਰਵਾਜ ਹੈ ਇਸ ਨਾਲ ਮਨ ਸ਼ਾਂਤ ਤੇ ਸ਼ੁਕਰਵਾਨ ਹੋ ਜਾਂਦਾ ਹੈ।

ਖਾਂਦਿਆਂ ਹੋਇਆਂ ਉਂਗਲਾਂ ਬੁਲ ਮੁਛਾਂ

Namdhari Elibrary NamdhariElibrary@gmail.com

ਆਦਿ ਭਾਜੀ ਜਾਂ ਤਰੀ ਨਾਲ ਨਾ ਲਬੇੜੀਆਂ ਜਾਣ, ਜਿਥੋਂ ਤਕ ਹੋ ਸਕੇ ਛੋਟਾ ਜਾਂ ਵਡਾ ਚਮਚਾ ਵਰਤਿਆ ਜਾਏ । ਪਚਾਕੇ ਨਾ ਮਾਰੇ ਜਾਣ ਗਰਾਹੀਆਂ ਛੋਟੀਆਂ ਛੋਟੀਆਂ ਹੋਣ, ਉਗੜ ਦੁਗੜ ਕਰਕੇ ਕਾਹਲੀ ਵਿਚ ਅੰਦਰ ਨਾ ਸੁਟੀਆਂ ਜਾਣ। ਖਾਂਣ ਲਗਿਆ ਮੂੰਹ ਲੋੜ ਤੋਂ ਵਧ ਨਾ ਖੋਲਿਆ ਜਾਵੇ ਨਾ ਬਹੁਤੀਆਂ ਗਲਾਂ ਹੀ ਕੀਤੀਆਂ ਜਾਣ ਤਾਂ ਕਿ ਖਾਂਦਿਆਂ ਭੋਰੇ ਨਾ ਪਏ ਡਿਗਣ ਨਾ ਇਨੀ ਹੌਲੀ ਖਾਧਾ ਜਾਵੇ ਕਿ ਸਭ ਤੋਂ ਪਿਛੇ ਰਹਿ ਜਾਓ ਨਾ ਇਤਨੀ ਛੇਤੀ ਵੇਹਲੇ ਹੋ ਜਾਓ, ਕਿ ਦੂਜਿਆਂ ਵਲ ਪਏ ਤਕੋ । ਬਿਨਾਂ ਕਾਰਨ ਥਾਲੀ ਵਿਚ ਜੂਠ ਕਦੇ ਨ ਛਡੀ ਜਾਵੇ ਤੇ ਜਿਥੋਂ ਤਕ ਹੋ ਸਕੇ ਉਨੀਂ ਚੀਜ਼ ਲਈ ਜਾਵੇ ਜਿਨੀਂ ਖਾਣ ਦੀ ਸੰਭਾਵਨਾਂ ਹੋਵੇ । ਪਰੋਸਣ ਜਾਂ ਪਾਣ ਵਾਲਾ ਭੀ ਖਿਆਲ ਰਖੇ ਕਿ ਬਿਨਾ ਪੁਛੇ ਜਾ ਧਕੇ ਨਾਲ ਕੇਵਲ ਵਖਾਵੇ ਖਾਤਰ, ਜਾਂ ਮਖੌਲ ਦੇ ਤੌਰ ਵੀ ਵਾਧੂ ਸ਼ੈ ਨਾ ਪਾਈ ਜਾਵੇ।

ਰੋਟੀ ਖਾਣ ਪਿਛੋਂ ਹਥਾਂ ਨੂੰ ਸਾਬਣ ਨਾਲ ਚੰਗੀ ਤਰਾ ਧੋ ਲਿਆ ਜਾਵੇ, ਚੁਲੀ ਕਰ ਲਈ ਜਾਵੇ ਜੇ ਓਪਰੇ ਦੰਦ ਹੋਣ ਤਾਂ ਲਾਂਭੇ ਹੋਕੇ ਉਨਾਂ ਨੂੰ ਸਾਫ ਕੀਤਾ ਜਾਵੇ ਤੇ ਨਕ ਜਾਂ ਗਲਾ ਸਾਫ ਕਰਨ ਦੀ ਲੋੜ ਪਵੇ ਤਾਂ ਇਕ ਲਾਂਭੇ ਹੋਕੇ ਇਸ ਤਰਾਂ ਕੀਤਾ ਜਾਵੇ ਕਿ ਨੇੜੇ ਖਲੋਤੇ ਹੋਏ ਦਾ ਮਨ ਨ ਕਰੀਚੇ।

ਤਰੀ ਦਾਰ ਚੀਜ ਖਾਣ ਦੇ ਪਿਛੋਂ ਮੁਛਹਰਿਆਂ ਨੂੰ ਅਛੋਤਰਾਂ ਧੋ ਲਿਆ ਜਾਵੇ ਨਹੀਂ ਤਾਂ ਤਰੀ ਲਗੀ ਰੈਂਹਦੀ ਹੈ ਤੇ ਓਪਰੇ ਨੂੰ ਚੰਗੀ ਨਹੀਂ ਭਾਸਦੀ ! ਤਸਲੀ ਕਰਨ ਲਈ ਸ਼ੀਸ਼ਾ ਦੇਖ ਲੈਣ ਵਿਚ ਕੋਈ ਹਰਜ ਨਹੀਂ ।

ਰੋਟੀ ਦੇ ਪਿਛੋਂ ਦਿਨ ਵੇਲੇ ਥੋੜਾ ਜੇਹਾ ਅਰਾਮ ਕਰਨਾਂ ਤੇ ਰਾਤ ਵੇਲੇ ਟਹਿਲ ਲੈਣਾਂ ਸਿਹਤ ਲਈ ਬੜਾ ਹੀ ਲਾਭਦਾਇਕ ਹੈ ਤੇ ਵਡੇ ਵਡੇ ਸਿਆਣਿਆਂ ਦੇ ਤਜਰਬੇ ਦਾ ਤਤ ਹੈ ।

ਦੂਜਿਆਂ ਦੇ ਘਰ ਖਾਣ ਸਮੇਂ ਨਾ ਆਪਣੇ ਘਰੋਂ ਕੋਈ ਖਾਣ ਵਾਲੀ ਵਸਤ ਲਿਜਾਈ ਜਾਵੇ ਨਾ ਉਥੋਂ ਜੇਬ ਵਿਚ ਪਾਕੇ ਕਿਸੇ ਬਹਾਨੇ ਕੋਈ ਚੀਜ ਲਿਆਂਦੀ ਜਾਵੇ ।

ਮੇਰੀ ਰਾਏ ।

ਪਿਆਰੇ ਸ੍ਰ. ਰਾਜਿੰਦਰ ਸਿੰਘ ਜੀ "ਸਤਿਜੁਗ ਦਾ ਬਸੰਤ ਨੰਬਰ" ਪਿਤਾ ਜੀ ਕੋਲ ਪੁਜਾ । ਮੈਂ ਵੀ ਪੜ੍ਹਿਆ ਹੈ ਬਹੁਤ ਪਸੰਦ ਆਇਆ । ਖਾਸ ਤੌਰ ਤੇ ਝਨਾਂ ਦੀਆਂ ਲਹਿਰਾਂ ਤੇ ਅਰ "ਤਿੰਨ ਰੰਗ" ਵਿਚ ਲਿਖਣ ਦਾ ਢੰਗ ਮਨ ਮੋਹਣਾ ਸੀ । ਸਿੱਖ ਇਜ਼ਮ ਤੇ ਭਾਣਾਂ ਸਿਧਾਂਤ ਦੀ ਨਵੀਨਤਾ ਸ਼ਲਾਘਾ ਯੋਗ ਹੈ । ਵਰਿਆਮ ਸਿੰਘ ਹੋਰਾਂ ਦਾ ਉਦਮ ਵੀ ਸਲਾਹੁਣ ਯੋਗ ਹੈ ਅਤੇ ਰੰਗਾਂ ਦੇ ਚੁਨਾਉ ਨੇ ਤਾਂ ਚਿਤਰ ਨੂੰ ਚਾਰ ਚੰਨ ਲਾ ਦਿਤੇ ਹਨ ।

ਅਜੈਬ ਸਿੰਘ "ਗਿਲ"

Namdhari Elibrary NamdhariElibrary@gmail.com

ਜਵਾਹਰ ਨੀਤੀ

ਰਾਜਿੰਦਰ ਸਿੰਘ

ਤੁਸੀਂ ਅੰਮ੍ਰਿਤ ਦਾ ਘੜਾ ਵੀ ਚਕਣ ਲਈ ਤਿਆਰ ਨਹੀਂ, ਜਦੋਂ ਤਕ ਤੁਹਾਨੂੰ ਯਕੀਨ ਨਹੀਂ ਹੋ ਜਾਂਦਾ ਕਿ ਏਹ ਠੀਕ ਅੰਮ੍ਰਿਤ ਹੀ ਹੈ।

ਸ਼ਾਹ ਅਮਾਨੁਲਾ ਖਾਂ ਜਦੋਂ ਯੂਰਪ ਦੀ ਹਵਾ ਖਾਕੇ ਵਾਪਸ ਆਪਦੇ ਮੁਲਕ ਮੁੜਿਆ ਤਾਂ ਚਾਹਿਆ—ਮੇਰਾ ਕਾਬਲ ਵੀ ਨਵੀਨਤਾ ਦਾ ਟੁਕੜਾ ਬਣ ਜਾਏ। ਇਕ ਦਮ ਪਰਦਾ ਹਟੌਣ ਦਾ ਹੁਕਮ ਦੇ ਦਿਤਾ। ਅਮੀਰ ਵਜ਼ੀਰ ਜੋ ਵੀ ਉਸਦੇ ਦਰਬਾਰ ਵਿਚ ਹਾਜ਼ਰ ਹੋਵੇ, ਸਭ ਯੋਰ-ਪੀਨ ਬਰਦੀ ਵਿਚ। ਫੌਜ ਦਾ ਢੰਗ ਤੇ ਪੁਲੀਸ ਦੇ ਤਰੀਕੇ ਬਦਲਣ ਦੇ ਨਾਲ—ਨਾਲ ਕਲੱਬਾਂ ਖੋਲਣ ਦਾ ਵੀ ਜਤਨ ਕੀਤਾ। ਤੇ ਚਾਹਿਆ ਕਿ ਆਪਦੇ ਮੁਲਕ ਨੂੰ ਨਵੀਨਤਾ ਨਾਲ ਭਰਦਿਆਂ। ਏਸ ਲਈ ਸਕੂਲਾਂ ਦੀ ਪੜ੍ਹਾਈ ਵੀ ਉਸਨੇ ਬਦਲਕੇ ਵੈਗਯਾਨਕ ਢੰਗ ਤੇ ਕਰੌਣੀ ਚਾਹੀ। ਉਸ ਚਾਹਿਆ—ਸਾਇੰਸ ਦੇ ਚਮਤਕਾਰ ਹਰ ਪਠਾਣ ਦੀ ਰਗ ਰਗ ਵਿਚ ਧਸਾਦਿਆਂ। ਪੈਦਾ ਕਰਦਿਆਂ ਲਹੂ ਵਿਚ ਓਹ ਪਰਮਾਣੂ, ਜੋ ਦੂਸਰੇ ਮੁਲਕਾਂ ਨੂੰ ਚੰਦ ਤਕ ਪਹੁੰਚਾਣ ਦੇ ਸੁਪਨੇ ਦਿਵਾ ਰਹੇ ਹਨ। ਨਵੀਨ ਢੰਗਾਂ ਨਾਲ ਕਾਬਲ ਨੂੰ ਦਸਾਂ ਸਾਲਾਂ ਵਿਚ ਪੈਰਸ ਤੇ ਦੂਸਰੀ ਆਬਾਦੀ ਨੂੰ ਕੈਲੋਫੋਰਨੀਆਂ ਬਣਾ ਦਿਆਂ। ਲਦ ਦਿਆਂ ਮੁਲਕ ਨੂੰ ਅੰਨ ਧੰਨ ਤੇ ਮੇਵਿਆਂ ਨਾਲ। ਏਸ ਦੇ ਨਾਲ ਹੀ ਉਸ ਨੇ ਅੰਗਰੇਜ਼ ਦੇ ਅਸਰ ਨੂੰ ਵੀ ਞਾਇਆ ਕਰਨਾ ਸ਼ੁਰੂ ਕਰ ਦਿਤਾ, ਜੋ ਉਸ ਦੇ ਮੁਲਕ ਦੀ ਤਰਕੀ ਵਿਚ ਅੜਿਕਾ ਸੀ। ਅੰਗਰੇਜ—ਭਗਤ ਕਰਮਚਾਰੀਆਂ ਨੂੰ ਪਿਛੇ ਸੁਟਕੇ, ਉਸ ਚਾਹਿਆ ਮੈਂ ਨਵੇਂ ਮਾਲੀਆਂ ਦੇ ਹਵਾਲੇ ਕਰਾਂ ਬਾਗ ਨੂੰ, ਜੋ ਨਵੀਆਂ ਪੋਉਦਾਂ ਨਾਲ ਸਭ ਕੁਝ ਨਵਾਂ ਕਰ ਦੇਣ।

ਪਰ ਅੰਗਰੇਜ਼ ਨੂੰ ਕਾਬਲ ਦੀ ਏਹ ਤਰਕੀ ਨਹੀਂ ਭਾਈ, ਤੇ ਉਸ ਸਾਜ਼ਸਾਂ ਦਾ ਅਡਾ ਬਣਾ ਦਿਤਾ ਅਮਾ—ਨੁਲਾ ਦੇ ਦੇਸ ਨੂੰ। ਪਠਾਣਾਂ ਨੂੰ ਏਹ ਜੋਸ਼ ਦੇਕੇ ਕਿ ਅਮਾਨੁਲਾ ਤੁਹਾਡੀ ਦੁਨੀਆਂ ਖਤਮ ਕਰਨੀ ਚਹੁੰਦਾ ਹੈ, ੧੪ ਸੌ ਵਰ੍ਹਿਆਂ ਦੇ ਪੁਰਾਣੇ ਰਸਮੋ ਰਿਵਾਜ਼ ਮਿਟਾਕੇ—ਮੁਸਲਿਮ ਸਰ੍ਹਾ, ਨਾਲ ਧਰੋਹ ਕਮਾ ਰਿਹਾ ਹੈ। ਕਾਜ਼ੀਆਂ ਨੂੰ ਦਿਤੀਆਂ ਵਢੀਆਂ ਤੇ ਅਮਾਨੁਲਾ ਵਲੋਂ ਅਫ਼ਸਰਾਂ ਨੂੰ ਵਿਖਾਇਆ "ਉਹਨਾਂ ਲਈ ਕਾਲਾ ਪਾਣੀ," ਆਮ ਜੰਨਤਾ ਵਿਚ ਪੈਦਾ ਕੀਤਾ ਮਜਬੀ ਜੋਸ਼, ਜਿਸਨੇ ਅਮਾ—ਨੁਲਾ ਦਾ ਦਮ ਘੁਟ ਦਿਤਾ ਤੇ ਓਹ ਜਿਥੋਂ ਆਇਆ ਸੀ, ਵਾਪਸ ਚਲਾ ਗਿਆ।

ਪਾਕਿਸਤਾਨ ਦੀ ਹਿੰਦੋਸਤਾਨ ਵਿਰੁਧ ਵਧ ਰਹੀ ਨਫ਼ਰਤ ਤੋਂ ਫੈਦਾ ਉਠਾਕੇ ਅਮਰੀਕਾ ਨੇ ਆਪ ਦਾ ਮਤਲਬ ਸਿੱਧ ਕਰਨ ਲਈ ਪਾਕਿਸਤਾਨ ਨਾਲ ਫੌਜੀ ਸੰਧੀ ਨਾਮਾਂ ਕਰਲਿਆ। ਜਿਸ ਦਾ ਅਰਥ ਹਕੂਮਤ ਪਾਕਿਸਤਾਨ ਵਲੋਂ ਸਾਫ ਸੀ ਕਿ ਅਮਰੀਕੀ ਮਦਦ ਨਾਲ ਓਹ ਕਸ਼ਮੀਰ ਧੀ ਹਾਰ ਦਾ ਬਦਲਾ ਅਸਾਨੀ ਨਾਲ ਭਾਰਤ ਤੋਂ ਲੈ ਸਕੇਗਾ। ਏਹ ਜਾਣਕੇ ਭਾਰਤ ਦੀ ਰਾਜਨੀਤੀ ਤੜਫ ਉਠੀ। ਚੁਫੇਰਿਓਂ

ਅਵਾਜਾਂ ਆਈਆਂ—ਸਾਨੂੰ ਰੂਸ ਨਾਲ ਗਠ ਜੋੜ ਕਰ ਲੈਣਾ ਚਾਹੀਦਾ ਹੈ ਤੇ ਚੀਨ ਨਾਲ ਦੋਸਤੀ ਪੌਣ ਵਿਚ ਢਿਲ ਨਹੀਂ ਕਰਨੀ ਚਾਹੀਦੀ। ਵਿਚ—ਵਿਚ ਦਬੀਆਂ ਅਵਾਜਾਂ ਏਹ ਵੀ ਔਂਦੀਆਂ ਰਹੀਆਂ—ਅਮਰੀਕਾ ਨਾਲ ਸਾਨੂੰ ਵੀ ਫੌਜੀ ਸੰਧੀਨਾਮਾਂ ਕਰਲੈਣਾਂ ਚਾਹੀਦਾ ਹੈ, ਪਾਕਿਸਤਾਨ ਦੇ ਮੁਕਾਬਲੇ ਲਈ। ਰੂਸ ਨਾਲ ਨਹੀਂ, ਕਿਉਂਕਿ ਓਹ ਭਾਰਤ ਦੀ ਨਵੀਂ ਰਾਜ-ਨੀਂਹ ਦੀ ਜੜ—ਕਮਿਊਨਿਜ਼ਮ ਦੀ ਜਹਿਰ ਪਾਕੇ ਸਾੜ ਸੁਟੇਗਾ। ਬਹੁਤਿਆਂ ਏਹਵੀ ਕਿਹਾ—ਸਾਨੂੰ ਏਸ਼ਿਆਈ ਗੁਟ ਬਣੌਣਾਂ ਚਾਹੀਦਾ ਹੈ। ਜਿਸ ਵਿਚ ਲੰਕਾ, ਬਰਮਾਂ ਇੰਡੋਨੇਸ਼ੀਆ, ਜਾਪਾਨ ਤੇ ਅਰਬ ਦੇ ਮੁਲਕ—ਜੋ ਮਿਲਣਾਂ ਚਹੁੰਣ—ਸ਼ਾਮਲ ਕਰ ਲਏ ਜਾਣ।

ਕਹਿਰਦੇ ਜੋਸ਼ੀਲੇ ਜਲਸੇ ਹੋਏ ਜਿਸ ਵਿਚ ਅਮਰੀਕਾ ਦੀ ਨਿੰਦਿਆ ਕੀਤੀ ਗਈ, ਤੇ ਕਈ ਯੋਰਪੀਨ ਮੁਲਕਾਂ ਵੀ ਕਿਹਾ—ਅਮਰੀਕਾ ਨੇ ਪਾਕਿਸਤਾਨ ਨਾਲ ਫੌਜੀ ਸੰਧੀਨਾਮਾਂ ਕਰਕੇ ਭਾਰਤ ਨਾਲ ਦੁਸ਼ਮਣੀ ਸਹੇੜ ਲਈ। ਕਿਉਂ ਕਿ ਭਾਰਤ ਏਸ਼ੀਆ ਦੀ ਮਾਂ ਹੈ। ਭਾਰਤ ਦੇ ਵਿਗੜਨ ਨਾਲ ਅਮ੍ਰੀਕਾ ਕੁਝ ਖਟੇਗਾ ਨਹੀਂ। ਪਰ ਅਮ੍ਰੀਕਾ ਨੂੰ ਕਿਸੇ ਦੀ ਪ੍ਰਵਾਹ ਨਹੀਂ ਸੀ। ਓਹ ਅਡੋਲ ਦੁਨੀਆਂ ਨੂੰ ਪੜਦਾ ਰਿਹਾ। ਜਦੋਂ ਜਵਾਹਰ ਲਾਲ ਜੀ ਨੇ ਇਹ ਐਲਾਨ ਕੀਤਾ—ਸਾਨੂੰ ਕਿਸੇ ਨਾਲ ਸੰਧੀ ਕਰਨ ਦੀ ਬਜਾਏ ਆਪਦੇ ਆਪਨੂੰ ਮਜਬੂਤ ਕਰਨਾਂ ਚਾਹੀਦਾ ਹੈ, ਅਮ੍ਰੀਕਾ ਨੇ ਸਮਝਿਆ ਮੈਂ ਜਿਤ ਚੁਕਾ ਹਾਂ। ਭਾਰਤ ਮੇਰੇ ਦੁਸ਼ਟ ਰੂਸ ਨਾਲ ਕਤਈ ਸਮਝੌਤਾ ਨਹੀਂ ਕਰੇਗਾ। ਅਤੇ ਭਾਰਤ ਨੂੰ ਵੀ ਰੂਸੀ ਕਮਿਊਨਿਜ਼ਮ ਤੋਂ ਓਨਾਂ ਹੀ ਡਰ ਹੈ ਜਿੰਨਾਂ ਅਮਰੀਕਾ ਨੂੰ। ਉਸਨੇ ਹੋਰ ਮਜਬੂਤੀ ਨਾਲ ਪਾਕਿਸਤਾਨ ਨੂੰ ਮਦਦ ਦੇਣ ਦਾ ਫੈਸਲਾ ਸੁਣਾ ਦਿਤਾ। ਨਾਲ ਨਾਲ ਬਹਾਨੇ ਸਾਜ਼ੀਆਂ ਵੀ ਕੀਤੀਆਂ ਕਿ ਏਸ ਨਾਲ ਭਾਰਤ ਨੂੰ ਕੋਈ ਖਤਰਾ ਨਹੀਂ। ਫੌਜ ਤੇ ਫੌਜੀ ਸਮਾਨ ਉਤੇ ਅਮਰੀਕਾ ਦਾ ਪੂਰਨ ਕਬਜਾ ਹੋਵੇਗਾ ਜੋ ਅਮਰੀਕਾ ਵਿਚੋਂ ਆਵੇਗਾ। ਉਧਰ ਪਾਕਿਸਤਾਨ ਧਮਕੀਆਂ ਦਿੰਦਾ ਸੀ—ਹੁਣ ਪੁਛਾਂਗੇ ਜਵਾਹਰ ਲਾਲ ਦਾ ਗੋਤ।

ਜਵਾਹਰ ਲਾਲ ਨੇ ਛੇਤੀ ਹੀ ਤੀਸਰੀ ਨੀਤੀ ਅਪਨੌਣ ਦਾ ਫੈਸਲਾ ਕਰ ਲਿਆ, ਤੇ ਏਸ਼ਿਆਈ ਮੁਲਕਾਂ ਦੀ ਕਾਨਫ੍ਰੰਸ ਬੁਲਾਈ। ਆਪਦੀ ਨੀਤੀ ਦਸਦਿਆਂ ਭਾਰਤ ਦੇ ਪਰਧਾਨ ਮੰਤ੍ਰੀ ਆਖਿਆ ਕਿ—ਸਾਨੂੰ ਕਿਸੇ ਵੀ ਯੋਰਪੀਨ ਗੁਟ ਵਿਚ ਸ਼ਾਮਲ ਨਹੀਂ ਹੋਣਾਂ ਚਾਹੀਦਾ। ਏਨਾਂ ਗੁਟਾਂ ਦੀ ਖਹਿ ਏਸ਼ੀਆ ਨੂੰ ਮਿਟਾ ਦੇਵੇਗੀ। ਏਸਦਾ ਨਤੀਜਾ ਮੁਲਕ ਨੇ ਵੇਖ ਲਿਆ ਹੈ ਜੋ ਬਹੁਤਾ ਤਸਲੀ ਦੇਣ ਵਾਲਾ ਨਹੀਂ ਸੀ। ਇਕ ਤੇ ਅਸੀ ਕਮਜ਼ੋਰ ਹਾਂ ਤੇ ਦੂਸਰੇ ਸਾਡੇ ਵਿਚੋਂ ਵੀ ਕਈ ਸੁਆਰਥੀ ਹਨ, ਜੋ ਦਾ ਪੇਚ ਤੇ ਰਹਿੰਦੇ ਹਨ। ਦੂਸਰੇ ਬੰਨੇ ਵਡੀਆਂ ਤਾਕਤਾਂ ਦੀ ਜਾਸੂਸੀ ਵੀ ਪੂਰੇ ਤਰਾਂ ਕੰਮ ਕਰਦੀ ਜਾ ਰਹੀ ਸੀ। ਏਸ-ਤਰਾਂ ਪੰਡਤ ਜੀ ਨੂੰ ਏਸ਼ਿਆਈ ਕਾਨਫ੍ਰੰਸ ਨੇ ਸੰਤੋਸ਼ ਜਨਕ ਨਤੀਜਾ ਨਾਂ ਦਿਤਾ।

ਹੁਣ ਪੰਡਤ ਜੀ ਕੋਲ ਦੋ ਰਾਹ ਸਨ-ਜਾਂ ਤੇ ਅਮ੍ਰੀਕਾ ਦੀ ਸਰਨ ਡਿਗਣਾਂ ਤੇ ਜਾਂ ਫਿਰ ਰੂਸ ਨਾਲ ਦੋਸਤੀ ਗੰਢਣੀ। ਅਮ੍ਰੀਕਾ ਦੀ ਸਰਨ ਸਾਡੀ ਬੇ-ਇਜਤੀ ਤੇ ਅਣਖ ਨੂੰ ਚੈਲੰਜ ਸੀ ਅਤੇ ਭਾਰਤ ਦੀ ਕਿਸੇ ਵੀ ਗੁਟ ਵਿਚ ਨਾਂ ਹੋਣ ਦੀ ਪਾਲਿਸੀ ਤੇ ਧੱਬਾ ਸੀ ਜਿਸ ਨੂੰ ਸਾਰੇ ਭਾਰਤ ਨੇ ਮਹਿਸੂਸ ਕੀਤਾ। ਕੁੱਲ ਰਾਜਸੀ ਪਾਰਟੀਆਂ ਨੇ ਮੋਟੇ ਤੌਰ ਤੇ ਏਹ ਕਹਿ ਦਿਤਾ। ਅਮ੍ਰੀਕਾ ਨੇ ਭਾਰਤ ਦੋਸਤੀ ਨਾਲ ਵਿਸਾਹ ਘਾਤ ਕੀਤਾ ਹੈ। ਜਿਸ ਕਰਕੇ ਏਸ ਨਾਲ ਸਮਝੌਤਾ ਹੋਣਾਂ ਅਸਲੋਂ ਨਾ ਮੁਮਕਨ ਹੈ। ਪਰ ਡਰ ਰੂਸ ਤੋਂ ਵੀ ਲਗਦਾ ਹੈ। ਕਿ ਸਾਨੂੰ ਹੜਪ ਹੀ ਨਾਂ ਜਾਏ। ਪਰ ਫੇਰ ਵੀ ਬਹੁੰ ਤਰਫੋਂ ਏਹ ਅਵਾਜ਼ ਆਈ ਕਿ ਖਾਸ ਖਤਰੇ ਦੇ ਮੁਕਾਬਲੇ ਲਈ ਸਾਨੂੰ ਚੀਨ ਨਾਲ ਦੋਸਤੀ ਜ਼ਰੂਰ ਰਖਣੀ ਚਾਹੀਦੀ ਹੈ। ਪੰਡਤ ਜੀ ਨੇ ਵੀ ਏਸਨੂੰ ਵਿਚਾਰਿਆ ਤੇ ਗਰਾਊਂਡ ਤਿਆਰ

Namdhari Elibrary NamdhariElibrary@gmail.com

ਕਰਨ ਲਈ ਵਹਾਕੇ ਸਦ-ਭਾਵਨਾਂ ਮਿਸ਼ਨ ਰੂਸ ਤੇ ਚੀਨ ਭੇਜੇ, ਜਿਨਾਂ ਆਕੇ ਭਾਰਤ ਤੇ ਭਾਰਤ ਸਰਕਾਰ ਨੂੰ ਯਕੀਨ ਦੁਆਇਆ ਕਿ—ਸਾਨੂੰ ਰੂਸ-ਚੀਨ ਤੋਂ ਕੋਈ ਡਰ ਨਹੀਂ। ਉਹਨਾਂ ਦੀ ਪਾਲਸੀ ਅਮਨ—ਪਾਲਸ਼ੀ ਹੈ।

ਜਵਾਹਰ ਨਹੀਂ ਸੀ ਚਾਹੁੰਦੇ—ਰੋਹ ਵਿਚ ਆਕੇ ਇਕ ਦਮ ਰੂਸ-ਭਾਰਤ ਸਮਝੌਤੇ ਨੂੰ ਜਨਮ ਦੇਕੇ ਭਾਰਤ ਦੀਆਂ ਕਈ ਪਾਰਟੀਆਂ ਤੇ ਆਮ ਜੰਨਤਾ ਵਲੋਂ ਮੁਖਾਲਫਤ ਮੁਲ ਲੈਕੇ ਕਾਂਗਰਸ ਪਾਰਟੀ ਨੂੰ ਖਤਰੇ ਵਿਚ ਪਾਇਆ ਜਾਵੇ। ਉਹ ਸ਼ਾਹ ਅਮਾਨੁੱਲਾ ਦੀ ਕਹਾਣੀ ਤੋਂ ਚੰਗੀਤਰਾਂ ਪਰਚਿਤ ਸਨ। ਉਹਨਾਂ ਅਮ੍ਰੀਕਾ ਦੀ ਨੀਯਤ ਦਾ ਕਾਲਾ ਹਿਸਾ ਲੋਕਾਂ ਸੌਂਹੇ ਫਿਲਮੌਣਾਂ ਸ਼ੁਰੂ ਕਰ ਦਿਤਾ। ਦੂਸਰਾ ਕੰਮ ਰੂਸ ਚੋਂ ਆਏ ਹਜ਼ਾਰਾਂ ਆਦਮੀ ਕਰ ਹੀ ਰਹੇ ਸਨ। ਅਖਬਾਰਾਂ ਨੇ ਏਨਾਂ ਦੋਹਾਂ ਗਲਾਂ ਨੂੰ ਆਮ ਪਬਲਿਕ ਸਾਹ-ਮਣੇ ਵੀ ਲਿਆ ਖਲਾਰਿਆ।

ਲੋਕ ਮੇਰੇ ਭਾਵਾਂ ਦੀ ਪੂਰਤੀ ਕਰਦੇ ਹਨ ਜਾਂ ਮੁਖਾਲਤ ਏਹ ਵੇਖਣ ਲਈ ਜਵਾਹਰ ਜੀ ਨੇ ਰੂਸ ਨਾਲ ਕਈ ਛੋਟੇ ਛੋਟੇ ਵਪਾਰਕ ਸਮਝੌਤੇ ਵੀ ਕੀਤੇ, ਜਿਨਾਂ ਨੂੰ ਭਾਰਤ ਵਾਸੀਆਂ ਜੀ ਆਇਆਂ ਕਿਹਾ। ਓਧਰੋਂ ਚੀਨੀ ਪ੍ਰਧਾਨ ਮੰਤਰੀ 'ਚੋ ਐਨ ਲਾਈ' ਦਿਲੀ ਆਗਏ ਜਿੰਨਾਂ ਦੇ ਜਲਸੇ ਜਲੂਸਾਂ ਨੇ ਸਾਬਤ ਕਰ ਦਿਤਾ ਕਿ ਜਵਾ-ਹਰ ਪਾਲਿਸੀ ਗਲਤ ਨਹੀਂ ਠੀਕ ਹੈ। ਦੋਹਾਂ ਵਡੇ ਲੀਡਰਾਂ ਨੇ ਅਮਨ ਦੀ ਬਹਾਲੀ ਲਈ ਪੰਜ ਨੁਕਾਤੀ ਪ੍ਰੋਗ੍ਰਾਮ ਦੁਨੀਆਂ ਸਾਹਮਣੇ ਰਖਿਆ, ਜਿਸ ਦੀ ਦੁਨੀਆਂ ਨੇ ਬੜੀ ਸ਼ਲਾਘਾ ਕੀਤੀ। ਖਾਸ ਤੌਰ ਤੇ ਬ੍ਰਤਾਨੀਆਂ ਤੇ ਇਸ ਦਾ ਬੜਾ ਭਾਵ ਪੂਰਤ ਤੇ ਡੂੰਘਾ ਅਸਰ ਪਿਆ। ਉਹਨਾਂ ਏਸ ਕਦਮ ਨੂੰ ਅਮਨ ਲਈ ਮੁਬਾਰਕ ਕਦਮ ਕਿਹਾ। ਏਹ ਵੀ ਕਿਹਾ ਕਿ ਦੋਹਾਂ ਵਡੇ ਲੀਡਰਾਂ ਦੀ ਮੁਲਾਕਾਤ ਦੀ ਦੁਨੀਆਂ ਦੀ ਰਾਜ ਨੀਤੀ ਤੇ ਗਹਿਰਾ ਅਸਰ ਪਵੇਗਾ।

ਜਾਣ ਲਗਿਆਂ ਚੀਨੀ ਵਜ਼ੀਰੇ ਆਜ਼ਮ ਜਵਾਹਰ ਲਾਲ ਜੀ ਨੂੰ ਵੀ ਚੀਨ ਐਣ ਦਾ ਸਦਾ ਪਤਰ ਦੇ ਗਿਆ, ਜਿਸ ਨੂੰ ਜਵਾਹਰ ਲਾਲ ਜੀ ਨੇ ਬਖੁਸ਼ੀ ਮੰਨ ਲਿਆ। ਜਵਾਹਰ ਲਾਲ ਜੀ ਨੇ ਹੁਣ ਚੰਗੀਤਰਾਂ ਤਾੜ ਲਿਆ ਕਿ ਉਹਨਾਂ ਦੀ ਨੀਤੀ ਸਫਲ ਰਹੀ ਹੈ ਤੇ ਭਾਰਤੀ ਲੋਕ ਰਾਏ ਉਹਨਾਂ ਦੇ ਹਕ ਵਿਚ ਹੈ। ਉਹਨਾਂ ਦੇ ਰੋਜ਼ਾਨਾਂ ਪ੍ਰੋਗ੍ਰਾਮ ਵਿਚ ਸ਼ਾਮਲ ਹੋ ਚੁਕਿਆ ਸੀ, ਚੀਨ ਤੇ ਹੋ ਰਹੀ ਅਮ੍ਰੀਕਾ ਵਲੋਂ ਬੇ ਇਨਸਾਫੀ ਵਲ ਲੋਕਾਂ ਦੀ ਨਿਗ੍ਹਾ ਕਰੌਣੀ, ਤੇ ਨਾਲ ਹੀ ਭਾਰਤ ਨਾਲ ਅਮ੍ਰੀਕਾ ਦੀ ਗਦਾਰੀ ਨੂੰ ਨੰਗਾ ਕਰਨਾਂ। ਏਹਨਾਂ ਤਕਰੀਰਾਂ ਨੇ ਦੁਨੀਆਂ ਵਿਚ ਹਲ ਚਲ ਮਚਾ ਦਿਤੀ। ਸਭ ਤੋਂ ਤੇਜ਼ ਝੂਟੇ ਇਸ ਦੇ ਅਮ੍ਰੀਕਾ ਵਿਚ ਆਏ। ਉਹਨਾਂ ਸਮਝਿਆ ਕਿ ਭਾਰਤੀ ਸਾਹਲ ਹੁਣ ਉਹਨਾ ਤੋਂ ਦੂਰ ਹੋ ਰਿਹਾ ਹੈ। ਦੁਨੀਆਂ ਨੇ ਕਹਿ ਦਿਤਾ ਅਮ੍ਰੀਕਨ ਸੁਆਰਥ ਆਪਦੇ ਬਹੁਤ ਵਡੇ ਦੋਸਤ ਭਾਰਤ ਨੂੰ ਗੁਆ ਚੁਕਾ ਹੈ। ਅਮ੍ਰੀਕਾ ਦੀ ਡੈਮੋਕਰੇਟਕ ਪਾਰਟੀ ਨੇ ਜਿਸ ਦੀ ਹਕੂਮਤ ਲਗਾਤਾਰ ੧੨ ਸਾਲ ਰਹਿ ਚੁਕੀ ਹੈ ਕਿਹਾ ਪ੍ਰੈਜ਼ੀਡੈਂਟ ਆਈਜਨਹਾਵਰ ਦੀ ਗਲਤ ਪਾਲਸੀ ਨੇ ਅਮਰੀਕਾ ਨੂੰ ਕਈ ਦੋਸਤਾਂ ਤੋਂ ਵਾਂਜਿਆਂ ਕਰ ਦਿਤਾ ਹੈ।

ਸ੍ਰੀ ਜਵਾਹਰ ਲਾਲ ਜੀ ਚੀਨ ਗਏ। ਉਥੋਂ ਏਨਾਂ ਕੁਝ ਲਿਆਏ ਕਿ ਉਹਨਾਂ ਵਿਚ ਸਮਾ ਨਹੀਂ ਸਕਿਆ। ਦੋਹਾਂ ਹਥਾਂ ਨਾਲ ਸਾਰੀ ਦੁਨੀਆਂ ਅਤੇ ਭਾਰਤ ਉਤੇ ਭਰਪੂਰ ਖਿਲਾਰਿਆ ਪਰ ਅਜੇ ਵੀ ਚੀਨੀ ਖਜ਼ਾਨਾਂ ਉਹਨਾਂ ਦੀ ਜ਼ਿੰਦਗੀ ਲਈ ਅਮੁਕ ਹੈ। ਉਹਨਾਂ ਕਿਹਾ—ਚੀਨੀ ਲੋਕ ਅਮਨ ਚਹੁੰਦੇ ਹਨ, ਅਮਨ ਦੇ ਗੀਤ ਗਾਉਂਦੇ ਹਨ। ਓਥੇ ਜੋ ਵੀ ਹੋ ਰਿਹਾ ਹੈ, ਸਭ ਅਮਨ ਲਈ। ਹਾਂ ਅਮਰੀਕਾ ਦਾ ਦੁਖ ਭਰਿਆ ਵਤੀਰਾ ਜ਼ਰੂਰ ਉਹਨਾਂ ਦੀ ਨਿਘੀ ਜ਼ਿੰਦਗੀ ਵਿਚ ਬਰਫ ਬਲੋ ਰਹਿੰਦਾ ਹੈ।

ਉਸ ਅਮ੍ਰੀਕਨਾਂ ਨੇ ਆਪਦੀ ਗਲਤ ਪਾਲਿਸੀ ਨੂੰ ਮਹਿਸੂਸ ਕੀਤਾ। ਤੇ ਨਤੀਜੇ ਵਜੋਂ ਆਈਜ਼ਨਹਾਵਰ ਦੀ ਪਾਰਟੀ ਹਾਰ ਖਾ ਗਈ।

Namdhari Elibrary NamdhariElibrary@gmail.com

ਏਸਤਰਾਂ ਨਵੇਂ ਸਿਰਿਓਂ ਅਮ੍ਰੀਕਨ ਫਿਰ ਅਜੇਹਾ ਤਾਣਾਂ ਬਾਣਾਂ ਬੁਣਨ ਲਈ ਮਜਬੂਰ ਹੋ ਗਏ ਜਿਸਤੇ ਅਵਾਰਾ ਹੋਇਆ ਭਾਰਤ ਮੁੜ ਉਹਨਾਂ ਵਲ ਪਰਤੇ । ਜਿਸ ਘਾਹ ਨੂੰ ਭਾਰਤ ਪਸੰਦ ਕਰਦਾ ਹੈ ਉਸਦੀ ਬਿਜਾਈ ਸ਼ੁਰੂ ਹੋ ਗਈ। ਛੇਤੀ ਹੀ ਭਾਰਤ ਨੂੰ ਫਾਹੁਣ ਦੀ ਪਾਲਿਸੀ ਤੇ ਭਰਪੂਰ ਯਤਨ ਹੋਣੇ ਸ਼ੁਰੂ ਹੋ ਗਏ । ਜਿਸ ਪਾਕਿਸਤਾਨ ਦੇ ਆਸਰੇ ਅਮ੍ਰੀਕਾ, ਏਸ਼ੀਆ ਤੇ ਕੰਟ੍ਰੋਲ ਕਰਨ ਦੇ ਸੁਪਨੇ ਲੈ ਰਿਹਾ ਸੀ ਉਸਦੇ ਹੋਸ਼ ਫਿਰੇ ਤੇ ਉਸ ਮਹਿਸੂਸ ਕੀਤਾ ਆਪਦੀ ਅਪਨਾਈ ਗਲਤ ਪਾਲਿਸੀ ਨੂੰ । ਪਾਕਿਸਤਾਨ ਦੇ ਹਾਲਾਤ ਜਿੰਨੀ ਤੇਜ਼ੀ ਨਾਲ ਬਦਲਦੇ ਰਹੇ ਸਨ ਬਰਤਾਨਵੀ ਉਸਤੋਂ ਬਹੁਤ ਅਗੇਰੇ ਸੋਚ ਰਹੇ ਹਨ।

ਜਵਾਹਰ ਲਾਲ ਜੋ ਕੁਝ ਚਾਹੁੰਦਾ ਸੀ, ਓਹ ਕੁਝ ਹੁੰਦਾ ਉਸਨੂੰ ਸਾਫ ਦਿਸ ਰਿਹਾ ਸੀ। ਉਸਦਾ ਚੀਨੀ ਸਦ ਭਾਵਨਾਂ ਮਿਸ਼ਨ ਸਫਲ ਹੋਇਆ ਤੇ ਹੋਰ ਵੀ ਬਹੁਤ ਕੁਝ ਇਕ ਦੋ ਸਾਲਾਂ ਤਕ ਮੁਕੰਮਲ ਹੋ ਜਾਵੇਗਾ। ਅਜ ਸਾਡੀ ਤਜਾਰਤ ਦਾ ਰੁਖ ਅਮ੍ਰੀਕਾ ਵਲੋਂ ਹਟਕੇ ਰੂਸ ਚੀਨ ਵਲ ਵਧ ਰਿਹਾ ਹੈ । ਰੂਸ ਵਲੋਂ ਕਾਰ-ਖਾਨਿਆਂ ਬਾਬਤ ਨਿਤ ਨਵੀਆਂ ਤਜਵੀਜਾਂ ਭਾਰਤ ਪਹੁੰਚ ਰਹੀਆਂ ਹਨ ਜਿੰਨਾਂ ਵਿਚ ਭਾਰਤ ਨੂੰ ਅਗੇਰੇ ਲੈ ਜਾਣ ਦਾ ਹੀ ਇਕਰਾਰ ਹੈ। ਭਾਰਤ ਹੌਲੀ ਹੌਲੀ ਉਹਨਾਂ ਨੂੰ ਅਪਨਾਉਣ ਦੇ ਜਤਨਾਂ ਵਿਚ ਹੈ। ਸੰਧੀਆਂ ਦਾ ਵਜ਼ਨ ਕੋਈ ਖਾਸ ਮਹਤਤਾ ਨਹੀਂ ਰਖਦਾ । ਦੋਸਤੀਆਂ ਹੀ ਹੌਲੀ ਹੌਲੀ ਪਕੀਆਂ ਸੰਧੀਆਂ ਬਣ ਜਾਂਦੀਆਂ ਹਨ । ਨਹੀਂ ਤੇ ਬੜੇ ਬੜੇ ਸਮਝੌਤੇ ਵੀ ਜਰਮਨ ਰੂਸ ਸੰਧੀ ਵਾਂਗ ਲੀਰ ਲੀਰ ਹੁੰਦੇ ਦੁਨੀਆਂ ਨੇ ਵੇਖੇ ਹਨ । ਰੂਸੀ ਟ੍ਰੱਕ, ਰੂਸੀ ਟ੍ਰੈਕਟਰ, ਰੂਸੀ ਤੇਲ ਤੇ ਰੂਸੀ ਕਾਰਖਾਨੇ ਛੇਤੀ ਛੇਤੀ ਭਾਰਤ ਵਿਚ ਆ ਰਹੇ ਹਨ । ਜਿੰਨਾਂ ਕਰਕੇ ਭਾਰਤੀ ਇਮਪੀਰੀਅਲਿਸਟ ਪਾਲਿਸੀ ਸਖਤ ਖਤਰਾ ਮਹਿਸੂਸ ਕਰਦੀ ਜਾਪ ਰਹੀ ਹੈ । ਓਹ ਕਈ ਢੰਗਾਂ ਨਾਲ ਨਿਤ ਨਵੇਂ ਪੇਚੇ ਪਾਕੇ ਭਾਰਤ ਪਾਲਿਸੀ ਦਾ ਰੁਖ ਬਦਲ ਦੇਣਾਂ ਚਾਹੁੰਦੇ ਹਨ। ਪਰ ਸੋਨ ਚਿੜੀ ਹੁਣ ਅਜ਼ਾਦ ਹੈ ।

ਜਵਾਹਰ ਲਾਲ ਦੀ ਦੂਰ ਦੀ ਸੂਝ ਭਾਰਤ ਨੂੰ ਨਾਲ ਲੈਕੇ ਅਮ੍ਰੀਕਨ ਸੌਦੇ ਬਾਜ਼ੀ ਨਾਲੋਂ ਕਿਤੇ ਮਜਬੂਤੀ ਨਾਲ ਰੂਸ ਚੀਨ ਦੀ ਮਿਤਰਤਾ ਦਾ ਹਥ ਫੜਨ ਲਈ ਅਗੇ ਵਧ ਰਹੀ ਹੈ। ਜਵਾਹਰ ਦਾ ਮਿਸ਼ਨ ਅਮਾਨੁੱਲਾ ਵਾਂਗ ਫੇਹਲ ਹੋਣ ਦੀ ਥਾਂ ਪੂਰੀਤਰਾਂ ਕਾਮਯਾਬ ਹੋ ਰਿਹਾ ਹੈ। ਜਿਉਂ ਜਿਉਂ ਚੀਨ ਨਾਲ ਭਾਰਤ ਦੀ ਦੋਸਤੀ ਮਜਬੂਤ ਹੋ ਰਹੀ ਹੈ, ਪਾਕਿਸਤਾਨ ਵਲੋਂ ਅਮ੍ਰੀਕੀ ਪਕੜ ਦਾ ਜੋਰ ਵਧ ਰਿਹਾ ਹੈ। ਅਜ ਓਹ ਚੜਾਈ ਹੋਰ ਵਧ ਰਹੀ ਹੈ । ਅਮ੍ਰੀਕਾ ਅਜ ਕ੍ਰੋੜਾਂ ਰੁਪਏ ਦਾ ਮਾਲ ਉਸਦੇ ਗਲ ਲੌਣ ਲਈ ਕਾਹਲਾ ਹੋ ਰਿਹਾ ਹੈ । ਪਰ ਓਧਰ ਮੌਲਾਨਾ ਭਾਸ਼ਾਨੀ ਸੋਚ ਰਹੇ ਹਨ ਕਿ ਪਾਕਿ-ਸਤਾਨ ਦੀ ਪਾਲਸੀ ਗਲਤ ਹੈ। ਉਸਨੂੰ ਸ਼ਕ ਹੈ ਕਿ ਅਸੀਂ ਇਸ ਸਮਝੌਤੇ ਨਾਲ ਮਜਬੂਤ ਹੋਣ ਦੀ ਬਜਾਏ ਕਮਜੋਰ ਹੋ ਰਹੇ ਹਾਂ। ਲੋਕ ਰਾਏ ਵਜ਼ਾਰਤ ਦੇ ਉਲਟ ਹੋ ਰਹੀ ਹੈ । ਕਿਉਂਕਿ ਸਾਡੇ ਸਦ ਭਾਵਨਾਂ ਮਿਸ਼ਨ ਨੇ ਕਿਸੇ ਸੰਧੀ ਦਾ ਰੂਪ ਨਹੀਂ ਧਾਰਿਆ, ਏਸ ਲਈ ਚੀਨ ਦੇ ਬਹੁਤ ਨੇੜੇ ਹੋਣ ਤੇ ਵੀ ਅਸੀਂ ਨਿਰਪਖ ਹਾਂ। ਜਦੋਂ ਕਿ ਪਾਕਿਸਤਾਨ ਅਮ੍ਰੀਕਨ ਗੁਟ ਨਾਲ ਬਝ ਚੁਕਾ ਹੈ । ਪਰ ਓਧਰ ਰੂਸ ਭਾਰਤ ਦੀ ਦੋਸਤੀ ਨੇ ਪਾਕਿਸਤਾਨ ਦੀਆਂ ਜੰਗੀ ਉਮੈਦਾਂ ਤੇ ਪਾਣੀ ਫੇਰ ਦਿਤਾ ਹੈ।

ਸ੍ਵੇਜ਼ ਨੀਤੀ—

ਏਸ ਵਿਚ ਕੋਈ ਸ਼ਕ ਨਹੀਂ, ਜਵਾਹਰ ਏਸ ਯੁਗ ਦਾ ਮਹਾਨ ਪੁਰਸ਼ ਹੈ।

ਮਿਸਰ ਉਤੇ ਅੰਗ੍ਰੇਜ਼, ਫਰੈਂਚ ਇਸਮਾ-ਈਆਲੀਆ ਦੀ ਲੜਾਈ ਦੀ ਭਾਰਤ ਵਲੋਂ ਕੀਤੀ ਗਈ ਨਿੰਦਾ ਯੋਰਪ ਸਹਾਰ ਨਹੀਂ ਸਕਿਆ। ਯੋਰਪ ਸ਼ਕੀ ਸੀ ਕਿ ਮਿਸਰ ਦੀ ਸ੍ਵੇਜ਼

ਜਵਾਹਰ ਲਾਲ ਦੇ ਇਸ਼ਾਰੇ ਤੇ ਕੌਮੀ ਕਰਨ ਕੀਤੀ ਗਈ ਹੈ। ਪਰ ਉਹਨਾਂ ਨੇ ਇਹ ਵੀ ਕਦੇ ਸੋਚਿਆ ਹੈ ਕਿ ਦੂਸਰੇ ਦੀ ਚੁਕ ਵਿਚ ਮਿਸਰ ਕਿਵੇਂ ਆ ਸਕਦਾ ਹੈ ਜਦੋਂ ਉਸਨੂੰ ਸਾਫ ਪਤਾ ਹੈ ਕਿ ਯੋਰਪ ਦੀ ਅਰਬਾਂ ਦੀ ਪੂੰਜੀ ਭਾਰਤੀ ਕਾਰ-ਖਾਨਿਆਂ ਵਿਚ ਲਗੀ ਹੋਈ ਹੈ। ਮੈਨੂੰ ਸੂਏਜ਼ ਤੇ ਕਬਜਾ ਕਰਨ ਲਈ ਕਹਿਣ ਲਈ ਜਵਾਹਰ ਖੁਦ ਉਸ ਪੂੰਜੀ ਤੇ ਕਬਜਾ ਕਿਉਂ ਨਹੀਂ ਕਰਦਾ?

ਅੰਗ੍ਰੇਜ਼ਾਂ ਹਜਾਰ ਜਤਨ ਕੀਤੇ ਕਿ ਕਿਵੇਂ ਨਾਂ ਕਿਵੇਂ ਸੂਏਜ਼ ਦੇ ਮਾਮਲੇ ਵਿਚ ਭਾਰਤ ਨੰਗਾ ਹੋਵੇ। ਮਿਸਲਾਂ ਚੋਰੀਆਂ, ਦਬੀ ਜਬਾਨ ਨਾਲ ਇਲਜ਼ਾਮ ਲਾਏ, ਪਰ ਸਚ ਪਾਰਸ ਹੈ ਜਿਸ ਵਿਚ ਦੋਸ਼ ਨਹੀਂ ਸਮਾ ਸਕਦਾ। ਜਵਾਹਰ ਊਜਾਂ ਦੀ ਭਖਦੀ ਭਠੀ ਵਿਚੋਂ ਚਮਕਾਂ ਮਾਰਦਾ ਸਾਫ ਬਚ ਨਿਕਲਿਆ ਹੈ। ਹਮਲਾਵਰਾਂ ਦੇ ਖਿਲਾਫ ਦਿਤੇ ਜਵਾਹਰ ਦੇ ਬਿਆਨ ਜੋ ਉਸ ਵੇਲੇ ਬਾਸ਼ਕ ਨਾਗ ਦੇ ਫੁੰਕਾਰਿਆਂ ਨਾਲੋਂ ਵੀ ਵਧ ਜ਼ਹਿਰੀਲੇ ਜਾਪਦੇ ਸਨ, ਅਜ ਫੇਰ ਅੰਮ੍ਰਿਤ ਦੀ ਫੁਹਾਰ ਦਿਸਣ ਲਗ ਪਏ ਹਨ। ਏਸ ਜੰਗ ਬੰਦੀ ਵਿਚ ਭਾਰਤ ਨੇ ਅਹਿਮ ਹਿਸਾ ਪਾਇਆ ਹੈ ਤੇ ਦੁਨੀਆਂ ਮੰਨ ਲਿਆ ਹੈ ਕਿ— ਭਾਰਤ ਠੀਕ ਹੀ ਅਮਨ ਚਾਹੁੰਦਾ ਹੈ। ਭਾਰਤ ਨਹੀਂ ਬਰਦਾਸ਼ਤ ਕਰ ਸਕਦਾ ਕਿ ਕੋਈ ਜਾਬਰ ਕਮਜ਼ੋਰ ਨੂੰ ਫੌਜੀ ਤਾਕਤ ਨਾਲ ਧਮਕਾਵੇ। ਤੀਸਰੀ ਜੰਗ ਦਾ ਜ੍ਵਾਲਾ-ਮੁਖੀ ਜਿਸਨੂੰ ਦੁਨੀਆਂ ਕਹਿੰਦੀ ਸੀ ਅਜ ਫਟਿਆ, ਕਲ ਫਟਿਆ। ਭਾਰਤ ਦੀ ਨੀਤੀ ਤੇ ਕੋਸ਼ਸ਼ ਸਦਕਾ ਫਿਰ ਇਕ ਵਾਰ ਸ਼ਾਂਤ ਹੋ ਗਿਆ। ਅਮ੍ਰੀਕਾ ਨੇ ਵੀ ਭਾਰਤੀ ਨੇਕ ਨੀਅਤੀ ਨੂੰ ਪਰਵਾਨ ਲਿਆ। ਜਦੋਂ ਹੰਗਰੀ ਤੇ ਕੀਤੀ ਗਈ ਰੂਸੀ ਫੌਜੀ ਕਾਰਰਵਾਈ ਦੀ ਭਾਰਤ ਨੇ ਨਿੰਦਾ ਕੀਤੀ। ਏਸ ਨਿਰਪਖਤਾ ਤੋਂ ਮੁਤਾਸਰ ਹੋਕੇ ਆਪਣੇ ਤੌਰਤੇ ਅਮ੍ਰੀਕਨ ਪ੍ਰੈਜ਼ੀਡੈਂਟ ਨੇ ਮਿਸਟਰ ਆਈਜ਼ਨ ਹਾਵਰ ਨੇ ਜਵਾਹਰ ਨੂੰ ਅਮ੍ਰੀਕਾ ਔਣ ਦਾ ਸਦਾ ਦਿਤਾ। ਨਹਿਰੂ ਆਈਜ਼ਨ ਮਿਲਣੀ ਨੇ ਫਿਰ ਦੁਨੀਆਂ ਵਿਚ ਨਵਾਂ ਲਹੂ ਪੈਦਾ ਕਰ ਦਿਤਾ। ਤੇ ਦੁਸ਼-ਮਣੀਆਂ ਦੋਸਤੀਆਂ ਵਿਚ ਵਟਦੀਆਂ ਜਾਪੀਆਂ। ਤੇ ਅਮ੍ਰੀਕਾ ਦੀ ਸਰਕਾਰ ਨੇ ਕਿਹਾ ਕਿ ਅਜ ਅਸੀਂ ਭਾਰਤ ਨੂੰ ਅਗੇ ਨਾਲੋਂ ਕਿਤੇ ਵਧ ਜਾਣ ਲਿਆ ਹੈ। ਉਤਰ ਵਿਚ ਜਵਾਹਰ ਜੀ ਕਿਹਾ— ਜੇ ਆਪ ਭਾਰਤ ਆਓ ਤਾਂ ਏਸਤੋਂ ਵੀ ਵਧ ਜਾਣ ਲਓ।

ਜਵਾਹਰ ਲਾਲ ਜੀ ਨੇ ਆਈਜ਼ਨਹੋਵਰ ਨੂੰ ਭਾਰਤ ਔਣ ਲਈ ਕਿਹਾ ਤੇ ਉਸ ਮਨਜ਼ੂਰ ਕਰ ਲਿਆ। ਜਵਾਹਰ ਲਾਲ ਜੀ ਕਿਹਾ— ਭਾਰਤੀ, ਕਿਸੇ ਵੀ ਮੁਲਕ ਨਾਲੋਂ ਅਮ੍ਰੀਕਾ ਨੂੰ ਘਟੀਆ ਨਹੀਂ ਸਮਝਦੇ। ਤੁਸੀਂ ਆਕੇ ਵੇਖੋਗੇ ਕਿ ਭਾਰਤੀ ਅਮ੍ਰੀਕਨ ਪ੍ਰੈਜ਼ੀਡੈਂਟ ਦਾ ਕਿਨੀ ਗਰਮ ਜੋਸ਼ੀ ਨਾਲ ਇਸਤਕਬਾਲ ਕਰਦੇ ਹਨ। ਅਮ੍ਰੀਕਾ ਨੇ ਭਾਰਤੀ ਪਲਾਨ ਨੂੰ ਸਿਰੇ ਚਾੜਨ, ਲਈ ਰਜਕੇ ਮਦਦ ਦੇਣ ਦਾ ਬਚਨ ਦਿਤਾ। ਦੋਨਾਂ ਦੇਸ਼ਾਂ ਦਾ ਖਿਆਲ ਸੀ ਕਿ ਏਸਤੋਂ ਪਹਿਲੋਂ ਕਦੇ ਕੋਈ ਮਿਸ਼ਨ ਇਤਨਾ ਕਾਮਯਾਬ ਨਹੀਂ ਸੀ ਹੋਇਆ ਜਿੰਨਾਂ ਏਹ।

ਉਸ ਵੇਲੇ ਦੀ ਏਸ ਸਫਲਤਾ ਨੂੰ ਅਮ-ਰੀਕਨਾਂ ਨੇ ਰਸ਼ਕ ਦੀ ਨਿਗਾ ਨਾਲ ਵੇਖਦਿਆਂ ਹੋਇਆਂ ਜਵਾਹਰ ਲਾਲ ਜੀ ਨੂੰ ਏਹ ਕਿਹਾ ਕਿ— ਭਾਰਤ ਦੁਨੀਆਂ ਦਾ ਨੇਤਾ ਬਣਨਾ ਚਹੁੰਦਾ ਹੈ। ਉਤਰ ਵਿਚ ਪੰਡਤ ਜੀ ਕਿਹਾ— ਏਹ ਗਲਤ ਹੈ ਕਿ ਅਸੀ ਕਿਸੇ ਮੁਲਕ ਦੇ ਨੇਤਾ ਬਣਨਾਂ ਚਾਹੁੰਦੇ ਹਾਂ। ਸਾਡੀ ਖਾਹਸ਼ ਇਕੋ ਹੈ ਕਿ ਸਾਰੀ ਦੁਨੀਆਂ ਪੁਰ ਅਮਨ ਰਹੇ ਜਿਸ ਨਾਲ ਏਹ ਦੁਨੀਆਂ ਸ੍ਵਰਗ ਬਣ ਸਕੇ।

ਅਜ ਦੀ ਪਾਲਸੀ—

ਭਾਰਤ ਲਈ ਅਜ ਨਵਾਂ ਯੁਗ ਸ਼ੁਰੂ ਹੋ ਚੁਕਾ ਹੈ। ਆਰਜੀ ਦੋਸਤੀਆਂ ਮੁਕੰਮਲ ਤੋਰ ਤੇ ਦੁਸ਼ਮਣੀ ਵਿਚ ਵਧਦੀਆਂ ਜਾਪ ਰਹੀਆਂ ਹਨ। ਸੂਏਜ ਦਾ ਬਦਲਾ ਲੈਣ ਲਈ ਅਮਰੀਕਨ ਜੁੰਡਲੀ ਨੇ ਪਾਕਿਸਤਾਨ ਦੇ ਹੱਕ

Namdhari Elibrary NamdhariElibrary@gmail.com

ਦਾ ਮਤਾ ਬਿਨਾਂ ਕਿਸੇ ਖਾਸ ਦਲੀਲ ਦੇ ਪਾਸ ਕਰ ਦਿਤਾ ਜਿਸਦੀ ਬਿਨਾ ਤੇ ਐਸਾ ਹੀ ਵਾਯੂ ਮੰਡਲ ਪੈਦਾ ਕਰਨਾਂ ਸੀ ਜੋ ਕਸ਼ਮੀਰ ਦੀ ਲੜਾਈ ਬੰਦ ਹੋਣ ਤੋਂ ਫੌਰਨ ਪਿਛੋਂ ਪੈਦਾ ਕੀਤਾ ਗਿਆ ਸੀ। ਅਜੇਹਾ ਵਾਤਾਵਰਣ ਹਿੰਦ ਲਈ ਜੰਮਣ ਮਰਣ ਦਾ ਪ੍ਰਸ਼ਨ ਸੀ ਜਿਸਨੂੰ ਓਹ ਕਦੇ ਵੀ ਮਨਜ਼ੂਰ ਨਹੀਂ ਸੀ ਕਰ ਸਕਦਾ ਰੂਸ ਨੇ ਆਪਣੀ ਦੋਸਤੀ ਦਾ ਸਬੂਤ ਦਿੰਦੇ ਹੋਇਆਂ ਵਕਤ ਸਾਂਭ ਲਿਆ ਤੇ ਰੈਜ਼ੋਲਿਊਸ਼ਨ ਵੀਟੋ ਕਰ ਦਿਤਾ। ਪਰ ਸਾਮਰਾਜੀ ਚਾਲਾਂ ਨੇ ਅਜੇ ਤੋਬਾ ਨਹੀਂ ਕੀਤੀ ਤੇ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪਾਕਿਸਤਾਨ ਦੀਆਂ ਖੁਸ਼ੀਆਂ ਪਰਾਪਤ ਕੀਤੀਆਂ ਜਾਣ।

ਜਵਾਹਰ ਜੀ ਜਿਸ ਜੰਗ ਤੋਂ ਤ੍ਰਹਿੰਦੇ ਹੋਏ ਨਿਰਪਖ ਰਹਿਣ ਦੇ ਜਤਨ ਕਰ ਰਹੇ ਸਨ ਅਜ ਫਸਲੀ ਦੋਸਤਾਂ ਨੇ ਜੰਗ ਓਹਨਾਂ ਦੇ ਮੁਲਕ ਭਾਰਤ ਦੇ ਬੂਹੇ ਤੇ ਲਿਆ ਖਲਾਰੀ ਹੈ। ਜਿਸ ਪਾਰਟੀ ਬਾਜ਼ੀ ਤੋਂ ਭਾਰਤ ਤੋਬਾ ਕਰਦਾ ਸੀ ਅਜ ਠੀਕ ਉਸਦੇ ਉਲਟ ਕੰਮ ਬਣ ਰਿਹਾ ਹੈ ਤੇ ਦੁਸ਼ਮਣਾਂ ਮਜਬੂਰ ਕਰਦਿਤਾ ਹੈ ਭਾਰਤ ਨੂੰ ਰੂਸ ਨਾਲ ਹੋਰ ਸੰਬੰਧ ਪੱਕੇ ਕਰਨ ਲਈ। ਰੂਸ ਦਾ ਫੌਜੀ ਵਜ਼ੀਰ ਚਕਰ ਲਾਕੇ ਚਲਾ ਗਿਆ ਹੈ ਤੇ ਦੂਸਰੇ ਦੇ ਫੌਰਨ ਏਥੇ ਔਣ ਦੀ ਤਿਆਰੀ ਹੈ। ਭਾਰਤੀ ਅਜ ਆਪਣੇ ਆਪ ਨੂੰ ਇਕਲੇ ਨਹੀਂ ਮਹਿਸੂਸ ਕਰ ਰਹੇ ਸਗੋਂ ਰੂਸ ਤੇ ਚੀਨ ਨੂੰ ਆਪਣਾਂ ਸਾਥੀ ਸਮਝ ਰਹੇ ਹਨ। ਚੀਨੀ ਪ੍ਰਧਾਨ ਮੰਤ੍ਰੀ ਦੇ ਏਸ ਕਥਨ ਨੇ ਕਿਸੇ ਭਾਰਤ ਤੇ ਹਮਲਾ ਹੋਣ ਸਮੇ ਚੀਨ ਚੁਪ ਨਹੀਂ ਰਹੇਗਾ ਭਾਰਤ ਚੀਨ ਦੋਸਤੀ ਨੂੰ ਲੋਕਾਂ ਦੇ ਦਿਲਾਂ ਅੰਦਰ ਹੋਰ ਪਕਿਆਂ ਕਰ ਦਿਤਾ ਹੈ।

ਪਰ ਜੈਸੇ ਹਾਲਾਤ ਅਜ ਅਮਰੀਕਾ ਨੇ ਪੈਦਾ ਕਰਦਿਤੇ ਹਨ ਇਹਨਾਂ ਤੋਂ ਭਾਰਤ ਦਾ ਜੰਗ ਵਿਚੋਂ ਬਚ ਨਿਕਲਨਾਂ ਬਹੁਤ ਮੁਸ਼ਕਲ ਹੈ। ਅਰਬਾਂ ਖਰਬਾਂ ਦੇ ਹਥਿਆਰ ਇਕ ਵਾਰ ਹੀਰੋ ਸ਼ੀਮਾ ਦਾ ਨਜ਼ਾਰਾ ਜ਼ਰੂਰ ਸਾਡੇ ਸਾਹਮਣੇ ਲਿਆ ਦੇਣਗੇ ਤੇ ਗੁਰੂ ਜੀ ਦੀਆਂ ਏਹ ਪੰਗਤੀਆਂ–

ਸਹਸ ਸਿਆਣਪ ਕਿਤੈ ਨ ਆਵੈ ਕਾਮ।
ਜਿਉਂ ਕਿਰਪਨ ਕੇ ਨਿਰਾਰਥ ਦਾਮ।
ਸਚੀਆਂ ਕਰ ਵਿਖੌਣਗੇ।

ਹਾਜ਼ਰ ਜੁਆਬੀ

ਗਡੀ ਵਿਚ ਬੈਠਾ ਇਕ ਮੁਸਾਫਰ ਇਕੋ ਹਥ ਨਾਲ ਔਖਾ ਸੌਖਾ ਹੋਕੇ ਰੋਟੀ ਖਾ ਰਿਹਾ ਸੀ, ਗੁਆਂਢੀ ਮੁਸਾਫਰ ਨੇ ਪੁਛਿਆ– ਕਿਉਂ ਭਾਈ! ਤੂੰ ਦੂਸਰਾ ਹਥ ਕਿਉਂ ਨਹੀਂ ਲੌਂਦਾ?

ਉਤਰ ਵਿਚ ਉਸ ਕਿਹਾ– ਕਿਉਂਕਿ ਮੈਂ ਏਸ ਨਾਲ ਜੰਗਲ ਵਾਲੇ ਹਥ ਧੋਂਦਾ ਹਾਂ।

ਕੋਲੋਂ ਹੀ ਇਕ ਮਾਈ ਨੇ ਹਸਕੇ ਆਖਿਆ– ਕਿਉਂ ਵੀਰਾ! ਆਪਦੀ ਘਰ ਵਾਲੀ ਦੇ ਹਥ ਵੀ ਤੂੰਹੀ ਧੋਂਦਾ ਹੁੰਦਾ ਏਂ? [ਕਿਉਂਕਿ ਰੋਟੀ ਦੋਹਾਂ ਹਥਾਂ ਨਾਲ ਪਕਾਈ ਜਾਂਦੀ ਹੈ]

ਮੁਸਾਫਰ ਸ਼ਰਮਿੰਦਾ ਹੋਕੇ ਦੋਹਾਂ ਹਥਾਂ ਨਾਲ ਰੋਟੀ ਖਾਣ ਲਗ ਪਿਆ।

Namdhari Elibrary NamdhariElibrary@gmail.com

ਬਚੇ ਪਾਲਣਾ

[ਸਰਦਾਰਨੀ ਅਰਦਮਨ ਸਿੰਘ ਨੰਗਲ ਟਾਉਨ ਸ਼ਿਪ]

ਜੰਮਣ ਤੋਂ ਲੈਕੇ ਘਟ ਤੋਂ ਘਟ ਪੰਜ ਵਰਹਿਆਂ ਤਕ ਬਚੇ ਦੇ ਪਾਲਣ ਪੋਸਣ ਵਲ ਜਿਨਾਂ ਧਿਆਨ ਦਿਤਾ ਜਾਵੇ ਥੋੜਾ ਹੈ,। ਇਸ ਸਮੇਂ ਦੀ ਅਣਗਹਿਲੀ ਨਾਲ ਬਚਾ ਸਦਾ ਲਈ ਦੁਰਬਲ ਰਹਿ ਜਾਂਦਾ ਹੈ ਤੇ ਕਈ ਵੇਰੀ ਮੌਤ ਦਾ ਸ਼ਿਕਾਰ ਵੀ ਹੋ ਜਾਂਦਾ ਹੈ । ਇਸ ਸਬੰਧੀ ਹੇਠ ਲਿਖੀਆਂ ਗਲਾਂ ਖਾਸ ਚੇਤੇ ਰਖਣ ਵਾਲੀਆਂ ਹਨ। ਵਾਹ ਲਗਦੀ ਬਚੇ ਨੂੰ ਓਪਰਾ ਦੁਧ ਨਾ ਦਿਤਾ ਜਾਵੇ–

ਬਚੇ ਨੂੰ ਮਾਂ ਦਾ ਦੁਧ ਕਿਸੇ ਠੁੱਕ ਜਾਂ ਨੇਮ ਨਾਲ ਪਲਾਇਆ ਜਾਵੇ । ਇਹ ਨਹੀਂ ਕਿ ਜਦੋਂ ਬਚਾ ਰੋਵੇ ਝੱਟ ਮਮਾਂ ਉਹਦੇ ਮੂੰਹ ਵਿਚ ਪਾ ਦਿਤਾ । ਛੋਟੇ ਬਚੇ ਦੇ ਰੋਣ ਦੇ ਕਾਰਨ ਭੁਖ ਤੋਂ ਸਿਵਾ ਹੋਰ ਵੀ ਹੋ ਸਕਦੇ ਹਨ ਖਾਸ ਕਰਕੇ ਡਕਾਰ ਨਾ ਆਉਂਣਾ ਜਾਂ ਪੇਟ ਵਿਚ ਹਵਾ ਭਰ ਜਾਣੀ, ਕੰਨਾਂ ਦਾ ਦੁਖਣਾ, ਇਸ ਤਰਾਂ ਬੇਠੁਕਾ ਦੁਧ ਪਿਆਉਣਾ ਬਦਹਜ਼ਮੀ ਤੇ ਬਚੇ ਦੇ ਛੁਟਦੇ ਦਸਤਾਂ ਦਾ ਕਾਰਨ ਬਣ ਜਾਂਦੀ ਹੈ ਜਿਸ ਕਾਰਨ ਸੋਹਣਾ ਬਚਾ ਵੀ ਗੰਦਾ ਹੋ ਜਾਂਦਾ ਹੈ।

ਰਾਤ ਨੂੰ ਸੌਣ ਤੋਂ ਪਿਛੋਂ ਤੇ ਸਵੇਰ ਤੋਂ ਪਹਿਲਾਂ, ਦੁਧ ਪਿਆਉਣ ਦੀ ਤੇ ਹਰ ਵੇਲੇ ਕੁਛੜ ਚਾੜ੍ਹੇ ਰਖਣ ਦੀ ਵਾਦੀ ਨਾ ਪਾਉ। ਤੇ ਨਾ ਹੀ ਬਚੇ ਨੂੰ ਸਵਾਉਣ ਲਈ ਅਫੀਮ ਕਦਾਚਿਤ ਵਰਤੋ। ਦੰਦੀਆਂ ਕਢਣ ਤੋਂ ਪਹਿਲਾਂ ਚੁੰਘਣੀ ਦੇਣੀ ਵੀ ਬਦਹਜ਼ਮੀ ਦਾ ਕਾਰਨ ਹੁੰਦੀ ਹੈ।

੮ ਮਹੀਨਿਆਂ ਪਿਛੋਂ ਮਾਂ ਦਾ ਦੁਧ ਪਿਆਉਣਾ ਜੋਗ ਨਹੀਂ । ਤੇ ਇਹ ਖਿਆਲ ਗਲਤ ਹੈ ਕਿ ਮਾਂ ਦਾ ਦੁਧ ਜਿਨਾ ਪੀਤਾ ਜਾਵੇ ਉੱਨਾ ਹੀ ਥੋੜਾ । ਉਬਲੀਆਂ ਸਬਜ਼ੀਆਂ, ਦਹੀਂ, ਖਿਚੜੀ, ਕੇਲਾ ਮਿਧ ਕੇ ਪਤਲਾ ਕਰਕੇ ਦੋ ਚਾਰ ਗਰਾਹੀਆਂ ਫੁਲਕੇ ਦੀਆਂ ਆਦਿ, ਦੇਣੀਆਂ ਸ਼ੁਰੂ ਕਰ ਦਿਓ ਤੇ ਕੌਲੀ ਵਿਚ ਥੋੜਾ ਥੋੜਾ ਦੁਧ ਵੀ ਪਿਲਾਣ ਦੀ ਵਾਦੀ ਪਾਉ ।

ਮੂੰਹ, ਜੀਭ, ਮਸੂੜੇ, ਤਾਲੂ ਨੂੰ ਜੇ ਸਾਫ ਰਖਿਆ ਜਾਵੇ ਤੇ ਵੇਲੇ ਸਿਰ ਹੀ ਦੁਧ ਦਿਤਾ ਜਾਵੇ, ਤੇ ਸਰਦੀਆਂ ਨੂੰ ਢਿਡ ਤੇ ਪੈਰ ਗਰਮ ਰਖੇ ਜਾਣ, ਤਾਂ ਬਹੁਤ ਸਾਰੇ ਰੋਗਾਂ ਤੋਂ ਬੱਚਾ ਬਚਿਆ ਹੀ ਨਹੀ ਰਹਿੰਦਾ ਸਗੋਂ ਉਸਦੇ ਆਲੇ ਦੁਆਲੇ ਮਖੀਆਂ ਵੀਭਿੰਣ ਭਿੰਣ ਨਹੀਂ ਕਰਦੀਆਂ। ਬਹੁਤ ਸਾਰੇ ਗਰਮ ਕਪੜੇ ਵਿਚ ਹਰ ਵੇਲੇ ਲਪੇਟ ਰਖਣ ਨਾਲ ਬਚੇ ਨੂੰ ਪਸੀਨਾ ਆ ਜਾਵੇਗਾ, ਤੇ ਕਪੜਾ ਲੈਹ ਜਾਣ ਤੇ ਠੰਡ ਲਗਣ ਦਾ ਡਰ ਰਹੇਗਾ, ਇਸ ਲਈ ਗਰਮ ਕਪੜੇ ਦੀ ਵਰਤੋਂ ਸਾਰੇ ਦਿਨ ਦੀ ਥਾਂ ਕੇਵਲ ਠੰਡ ਵੇਲੇ ਹੀ ਕਰੋ।

ਅਖਾਂ ਨੂੰ ਮੌਸਮ ਅਨੁਸਾਰ ਠੰਢੇ ਜਾਂ ਕੋਸੇ ਪਾਣੀ ਨਾਲ ਧੋਣਾ ਤੇ ਸੁਰਮਾ ਪਾਣਾ ਲਾਭ-ਦਾਇਕ ਹੈ, ਪਰ ਇਕ ਬਚੇ ਦਾ ਸੁਰਮਚੂ ਹੋਰ ਕੋਈ ਨਾ ਵਰਤੇ।

ਬਚੇ ਦੀ ਵਗਦੀ ਨਲੀ ਸੁੰਦਰ ਤੋਂ ਸੁੰਦਰ ਬਚੇ ਨੂੰ ਵੀ ਕਰੂਪ ਬਣਾ ਦੇਂਦੀ ਹੈ।

Namdhari Elibrary NamdhariElibrary@gmail.com

ਪੇਟ ਦੀ ਖਰਾਬੀ ਤੇ ਜ਼ੁਕਾਮ ਦੀ ਛੂਤ ਛੇਤੀ ਲਗਦੀ ਹੈ। ਨਕ ਸਾਫ ਕਰਕੇ ਰੂੰ ਦੀ ਬਤੀ ਦਵਾਰਾ ਸੜੇ ਹੋਏ ਘਿਉ ਨਾਲ ਨਾਸਾਂ ਨੂੰ ਚੰਗੀ ਤਰਾਂ ਚੋਪੜਨ ਨਾਲ ਨਕ ਵਗਣਾ ਬਹੁਤ ਛੇਤੀ ਬੰਦ ਹੋ ਜਾਂਦਾ ਹੈ।

ਦੋ ਸਾਲ ਤਕਦੀ ਉਮਰ ਦੇ ਬਚੇ ਨੂੰ ਜੇ ਕਬਜ ਰੈਂਹਦੀ ਹੋਵੇ ਤਾਂ ਮੁਨੱਕੀ ਦਾ, ਤੇ ਜੇ ਦਸਤ ਜੇਹੇ ਆਉਂਦੇ ਹੋਣ ਤਾਂ ਮਿਠੇ ਅਨਾਰ ਦਾ ਰਸਾ ਇਕ ਦੋ ਛੋਟੇ ਚਮਚੇ ਦਿਨ ਵਿਚ ਇਕ ਦੋ ਵਾਰੀ ਦੇਣ ਨਾਲ ਆਰਾਮ ਆ ਜਾਂਦਾ ਹੈ।

ਕਈ ਬਹੁਤ ਛੋਟੇ ਬਚੇ ਚਿਰਕਣੇ ਲਗ ਪੈਂਦੇ ਹਨ ਤੇ ਉਨਾ ਦੀ ਪਿੱਠ ਤੇ ਟਟੀ ਦੀ ਥਾਂ ਲਾਲ ਹੋ ਜਾਣ ਕਰਕੇ ਬੜੇ ਹੀ ਔਖੇ ਹੁੰਦੇ ਹਨ। ਇਸ ਦੁਖ ਦਾ ਇਕ ਬੜਾ ਹੀ ਸੁਖੈਣ ਤੇ ਕੋਈ ਨੁਕਸਾਨ ਨਾ ਕਰਨ ਵਾਲਾ ਇਹ ਅਰੋਗੀ ਇਲਾਜ ਹੈ ਚਾਸਕੂ ਦਾ ਇਕ ਦਾਣਾ ਉਸ ਦੇ ਮੂੰਹ ਵਿਚ ਰਖਕੇ ਪਾਣੀ ਜਾਂ ਦੁਧ ਨਾਲ ਅੰਦਰ ਲੰਘਾ ਦਿਉ। ਦੂਜੇ ਦਿਨ ਉਹ ਦਾਣਾ ਫੁਲਕੇ ਟਟੀ ਰਾਹੀਂ ਨਿਕਲ ਜਾਵੇਗਾ ਤੇ ਇਕ ਦੋ ਵਾਰੀ ਦੇਣ ਨਾਲ ਬਿਲ ਕੁਲ ਆਰਾਮ ਆ ਜਾਵੇਗਾ।

ਜਿਉਂ ੨ ਬਚਾ ਵਡਾ ਹੁੰਦਾ ਜਾਵੇ ਉਸ ਨੂੰ ਕਿਸੇ ਨਾ ਕਿਸੇ ਆਹਰੇ ਲਾਈ ਰਖੋ। ਮੰਜੀ ਪੁਠੀ ਕਰਕੇ ਤੇ ਰੱਸੀਆਂ ਦਾ ਜੰਗਲਾ ਬਣਾਕੇ ਜਾਂ ਇਸ ਭਾਂਤ ਦੇ ਜੰਗਲੇਦਾਰ ਮੰਜੇ ਵਿਚ, ਬਚੇ ਨੂੰ ਅੰਦਰ ਖੇਡਣ ਲਈ ਪਾ ਦਿਤਾ ਜਾਵੇ, ਤਾਂ ਕੰਮ ਕਰਨ ਵਾਲੀ ਮਾਂ ਨੂੰ ਬੜਾ ਸੌਖ ਰਹਿੰਦਾ ਹੈ।

ਛੋਟੇ ਬਚਿਆਂ ਦੇ ਕਪੜਿਆਂ ਸਬੰਧੀ ਇਕ ਦੋ ਝਗਿਆ ਨਾਲੋਂ ਚਾਰ ਪੰਜ ਕਠੇ ਬਣਾਕੇ ਰਖਣੇ ਵਰਤਣ ਵਿਚ ਸੌਖੇ ਰਹਿੰਦੇ ਹਨ ਤੇ ਸਸਤੇ ਵੀ। ਇਕ ਹੋਵੇ ਤੇ ਕਈ ਵਾਰੀ ਧੋਣ ਦਾ ਵਹਲ ਹੀ ਨਹੀਂ ਮਿਲਦਾ ਪਰ ਬਹੁਤੇ ਹੋਣ ਤਾਂ ਕਠੇ ਕਰਕੇ ਛੇਤੀ ਧੋਤੇ ਜਾਂਦੇ ਹਨ।

ਛੋਟੇ ਬਚਿਆਂ ਵਿਚ ਅਰੋਗਤਾ ਵਧਾਉਣ ਲਈ 'ਰੈਡ ਕਰਾਸ' ਦੀ ਛਤਰ ਛਾਇਆ ਹੇਠ ,ਬੇਬੀ ਸ਼ੋ' ਅਰਥਾਤ 'ਬਚਾ ਨੁਮਾਇਸ਼' ਥਾਉਂ ਥਾਈਂ ਕੀਤੀ ਜਾਂਦੀ ਹੈ। ਇਸ ਵਿਚ ਸਭ ਮਾਵਾਂ ਨੂੰ ਵਧ ਚੜ੍ਹਕੇ ਹਿਸਾ ਲੈਣਾ ਚਾਹੀਦਾ ਹੈ। ਇਸ ਵਿਚ ਲਾਭ ਹੀ ਲਾਭ ਹੈ। ਬਚੇ ਪਾਲਣ ਵਿਚ ਉਤਸ਼ਾਹ ਵਧਦਾ ਹੈ। ਕਿਸੇ ਲੁਕੀ ਹੋਈ ਬੀਮਾਰੀ ਦਾ ਪਤਾ ਵੀ ਲਗ ਜਾਂਦਾ ਹੈ, ਚੰਗੇ ਬਚਿਆਂ ਨੂੰ ਇਨਾਮ ਵੀ ਮਿਲਦੇ ਹਨ।

—o—

ਬਨਾਰਸ ਵਿੱਚ ਦੇਸੀ ਦਵਾਈ ਖਾਨਾਂ

ਏਥੇ ਹਰ ਇਕ ਬੀਮਾਰੀ ਦਾ ਇਲਾਜ ਬੜੀ ਕੋਸ਼ਸ਼ ਨਾਲ ਕੀਤਾ ਜਾਂਦਾ ਹੈ।

ਦਵਾਈ ਮੰਗਵਾਨ ਵਾਲੇ ਸਜਨ ਆਪਨੀ ਬੀਮਾਰੀ ਦਾ ਵੇਰਵਾ ਲਿਖਕੇ ਘਰ ਬੈਠੇ ਦਵਾਈ ਮੰਗਵਾ ਸਕਦੇ ਹੈਨ।

ਪਤਾ. ਭਾਈ ਖੁਸ਼ਹਾਲ ਸਿੰਘ ਹਕੀਮ ਬਨਾਰਸ ਛਾਉਣੀ ਰੇਲਵੇ ਰੋਡ (ਯੂ ਪੀ)

ਮੰਗ ਵਰਤੋ

[ਮਨਜੀਤ ਕੌਰ ਬੀ. ਏ. ਭੁਪਾਲ]

ਗਵਾਂਢੀਆਂ, ਮਿਤਰਾਂ, ਵਾਕਫਾਂ ਤੋਂ ਛੋਟੀਆਂ ਮੋਟੀਆਂ ਚੀਜਾਂ ਮੰਗਕੇ ਵਰਤ ਲੈਣੀਆਂ ਸਾਡੇ ਦੇਸ ਦਾ ਇਕ ਪੁਰਾਣਾਂ ਰਵਾਜ ਹੈ ਤੇ ਇਸ ਵਿਚ ਕੋਈ ਭੈੜ ਨਹੀਂ—ਸਗੋਂ ਇਸਨੂੰ ਵਧੇਰਾ ਪਰਚਲਤ ਕਰਕੇ ਘਰੋਗੀ ਖਰਚ ਕਿਸੇ ਹਦ ਤਕ ਘਟਾਏ ਜਾ ਸਕਦੇ ਹਨ। ਪਰ ਇਸ ਕੰਮ ਵਿਚ ਫਿਕ ਨਿਕਲਣ ਦਾ ਡਰ ਹੈ ਜੇ ਕੁਝ ਜ਼ਰੂਰੀ ਗਲਾਂ ਦਾ ਖਿਆਲ ਨਾ ਰਖਿਆ ਜਾਵੇ। ਇਨਾਂ ਵਲ ਪਾਠਕਾਂ ਦਾ ਧਿਆਨ ਦਵਾਇਆ ਜਾਂਦਾ ਹੈ:—

ਮੰਗੀ ਚੀਜ਼ ਨੂੰ ਸੰਭਾਲਕੇ ਲਿਆਂਦੀ ਤੇ ਸੰਭਾਲਕੇ ਹੀ 'ਵਰਤੀ' ਜਾਏ। ਖਾਸ ਕਰਕੇ ਮਸ਼ੀਨ ਜਾਂ ਕੋਈ ਹੋਰ ਵਡਮੁਲੀ ਸ਼ੈ ਦੀ ਹਾਲਤ ਵਿਚ ਤਾਂ ਕਦੇ ਵੀ ਅਨਗਹਿਲੀ ਨਾ ਕੀਤੀ ਜਾਏ।

ਮਾਲਕ ਦੀ ਆਗਿਆ ਤੋਂ ਬਿਨਾਂ ਮਾਂਗਵੀ ਵਸਤ ਕਿਸੇ ਹੋਰ ਨੂੰ ਕਦੇ ਅਗੇ ਨਾ ਦਿਤੀ ਜਾਏ।

ਜਿਨੇ ਚਿਰ ਲਈ ਵਸਤ ਲਿਆਂਦੀ ਹੋਵੇ, ਉਸ ਤੋਂ ਪਹਿਲਾ ਹੀ ਜਾਂ ਥੋੜਾਂ ਚਿਰ ਬਾਅਦ ਧੰਨਵਾਦ ਸਹਿਤ ਵਾਪਸ ਕੀਤੀ ਜਾਏ ਤੇ ਮਾਲਕ ਨੂੰ ਆਪ ਮੰਗਣ ਜਾਂ ਮੰਗਾਣ ਦਾ ਮੌਕਿਆ ਹੀ ਨਾ ਦਿਤਾ ਜਾਏ।

ਜੇ ਕਿਸੇ ਕਾਰਨ ਚੀਜ਼ ਵਿਗੜ ਗਈ ਹੈ, ਤਾਂ ਅਪਣੇ ਖਰਚ ਤੇ ਬਿਨਾਂ ਆਖੇ ਬਿਲਕੁਲ ਠੀਕ ਕਰਾਕੇ ਦਿਤੀ ਜਾਏ।

ਨੌਕਰਾਂ ਤੇ ਬਚਿਆਂ ਦੇ ਹਥ ਵਿਚ ਵਰਤਨ ਲਈ ਚੀਜ਼ ਨੂੰ ਕਦੇ ਨਾ ਛਡਿਆ ਜਾਏ।

ਮੰਗਕੇ ਕਤਈ ਵਾਪਸ ਨਾ ਕਰਨੀ ਤਾਂ ਇਕ ਬੜਾ ਹੀ ਦੋਸ਼ ਹੈ ਇਸ ਦੇ ਕਦੇ ਭਾਗੀ ਨ ਬਣਿਆ ਜਾਏ।

-:- —:— -:-
-:- —:— -:-

ਰੰਗਦਾਰ ਕਪਾਹ

ਤੁਰਕਮਾਨੀਆਂ ਦੇ ਕਪਾਹ ਉਗਾਊ ਇਲਾਕੇ ਵਿਚ ਤਿਆਰ ਕੀਤੀਆਂ ਗਈਆਂ ਸਾਵੇ, ਨੀਲੇ, ਅਸਮਾਨੀ ਤੇ ਮੋਤੀਆ ਰੰਗਾਂ ਦੀ ਕਪਾਹ ਦੀਆਂ ਨਵੀਆਂ, ਬਹੁ-ਉਪਜਾਊ ਮੇਲਵੀਆਂ ਕਿਸਮਾਂ ਹੁਣ ਉਜ਼ਬੇਕਿਸਤਾਨ ਤੇ ਤਾਜਿਕਸਤਾਨ ਵਿਚ ਵੀ ਉਗਾਈਆਂ ਜਾਣ ਲਗ ਪਈਆਂ ਹਨ।

ਬੂਟਿਆਂ ਦੀ ਸ਼ਕਲ ਵੀ ਬਦਲ ਗਈ ਹੈ। ਉਚੇ, ਟਹਿਣੀਦਾਰ ਤੇ ਪਛੇਤੀ ਪੱਕਣ ਵਾਲੇ ਬੂਟਿਆਂ ਦੀ ਥਾਂ ਜੁਟਦੇ ਬੂਟੇ ਉਗਾ ਲਏ ਗਏ ਹਨ, ਜਿੰਨਾਂ ਦੀ ਉਪਜ ਵੀ ਵਧੇਰੀ ਹੁੰਦੀ ਹੈ।

Namdhari Elibrary NamdhariElibrary@gmail.com

ਕਵੀ ਦਰਬਾਰ ਸਿਆਮ

ਬਸੰਤ ਉਤਸ਼ਵ ਤੇ ਸ੍ਰੀ ਸਤਿਗੁਰੂ ਜੀ ਦੇ ਸਿਆਮ ਵਿਚ ਦਰਸ਼ਨ ਦੇਣ ਉਤੇ ਉਥੋਂ ਦੀ ਸੰਗਤ ਨੇ ਇਕ ਕਵੀ ਦਰਬਾਰ ਕੀਤਾ ਜਿਸ ਵਿਚ ਦੋ ਸਮਸਿਆਵਾਂ ਰਖੀਆਂ ਗਈਆਂ ਹੈਨ—

੧. ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਣ।

੨. ਸਾਡੀ ਸੋਹਣੀ ਬਸੰਤ ਬਨਾ ਸਤਿਗੁਰ।

"ਸ੍ਰੀ ਸਤਿਗੁਰੂ ਜੀ ਨੇ ਬਹੁਤ ਵਾਰ ਫੁਰਮਾਇਆ ਹੈ ਕਿ ਨਾਮਧਾਰੀ ਕਵੀਆਂ ਦੀਆਂ ਕਵਿਤਾਵਾਂ ਵਿਚ ਕੋਈ ਨਵੀਨਤਾ ਤੇ ਰਸ ਨਹੀਂ।" ਓਹੋ ਪੰਜਾਹ ਕੁ ਸ਼ਬਦ ਪੰਜਾਹ ਸਾਲਾਂ ਤੋਂ ਦੁਹਰੌਂਦੇ ਆ ਰਹੇ ਹਨ।

ਸਾਨੂੰ ਬੜੀ ਖੁਸ਼ੀ ਹੈ ਕਿ ਪੰਥ ਦੇ ਵਧੀਕ ਕਵੀ ਸਿਆਮ ਵਿਚ ਹੀ ਨਿਵਾਸ ਰਖ ਰਹੇ ਹਨ ਤੇ ਉਥੇ ਕਵੀ ਦਰਬਾਰ ਆਦਿ ਕਰ ਲੈਂਦੇ ਹਨ। ਪਰ ਉਹਨਾਂ ਨੂੰ ਚਾਹੀਦਾ ਹੈ ਕਿ ਓਹ ਕਵਿਤਾ ਵਿਚ ਵਧ ਤੋਂ ਵਧ ਨਵੀਨਤਾ ਤੇ ਸੁਆਦ ਪੈਦਾ ਕਰਨ।

ਸਤਿਜੁਗ ਵਿਚ ਦੂਸਰੇ ਥਾਂ ਵੀ ਕਿਤੇ ਅਲੋਚਨਾਂ ਵਿਚ ਕੁਝ ਲਿਖਿਆ ਗਿਆ ਹੈ, ਕਵੀ ਉਸ ਵਲ ਵੀ ਧਿਆਨ ਦੇਣ। ਚੰਗੇ ਕਵੀ ਬਣਨ ਲਈ ਕਵੀਆਂ ਨੂੰ ਚਾਹੀਦਾ ਹੈ ਕਿ ਓਹ ਪੰਜਾਬੀ ਦੇ ਚੰਗੇ ਸ਼ਾਇਰਾਂ ਦੀਆਂ ਪੁਸਤਕਾਂ ਪੜਨ ਤੇ ਆਪਣੇ ਗਿਆਨ ਨੂੰ ਹੋਰ ਵਧੌਣ। ਬਹੁਤ ਸਾਰੀਆਂ ਕਵਿਤਾਵਾਂ ਸਾਨੂੰ ਸ਼ਰਮੋ ਕੁਸ਼ਰਮੀਂ ਹੀ ਛਾਪਣੀਆ ਪੈਂਦੀਆਂ ਹਨ ਵਰਨਾਂ ਮਾਸਕ—ਪਤਰ ਵਿਚ ਓਹ ਦੇਣ ਯੋਗ ਨਹੀਂ ਹੁੰਦੀਆਂ।

ਹੇਠਲੀਆਂ ਕਵਿਤਾਵਾਂ ਸਿਆਮੀ ਸਜਨਾਂ ਦੀਆਂ ਹਨ ਜਿੰਨਾਂ ਨੂੰ ਅਸੀਂ ਕਈ ਆਦਮੀ ਰਲਕੇ ਵੀ ਇਕ ਦੋ ਤਿੰਨ ਨਹੀਂ ਬਣਾ ਸਕੇ। ਹਾਂ ਵਿਦੇਗੀ ਵਿਚ ਜ਼ਰੂਰ ਵਖਰਾ ਪਣ ਹੈ। ਕਵਿਤਾਵਾਂ ਅਸੀਂ ਸੰਖੇਪ ਕਰਕੇ ਹੇਠਾਂ ਦੇ ਰਹੇ ਹਾਂ। ਨੰਬਰਾਂ ਦਾ ਫੈਸਲਾ ਪਾਠਕ ਆਪ ਕਰਨ—

ਸਾਨੂੰ ਬੜੀ ਖੁਸ਼ੀ ਹੋਵੇਗੀ ਜੇ ਕਵੀ ਜਨ ਤੇ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੀਵਨ ਝਾਕੀਆਂ ਉਤੇ ਸੁੰਦਰ ਰਚਨਾਵਾਂ ਭੇਜਣ। ਅਸੀਂ ਵਸਾਖੀ ਦੇ ਨੇੜੇ ਤੇ ਏਹ ਅੰਕ ਕਢਣਾਂ ਚਹੁੰਦੇ ਹਾਂ।

ਰਾਜਿੰਦਰ ਸਿੰਘ

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ

ਵਲੋਂ 'ਰਾਹੀ' ਜੀ

ਸ੍ਰੀ ਦਸਮੇਸ਼ ਜੀ ਦੇ ਪਿਛੋਂ ਜਦੋਂ ਜਗ ਅੰਦਰ,
ਪਾਪਾਂ ਦਾ ਹਨੇਰਾ ਛਾਇਆ ਹੋਈ ਤਰਾਸ ਤਰਾਸ ਆਨ।
ਸੁਖਾਂ ਦਾ ਸਵੇਰਾ ਪਿਆ ਸੰਗਦਾ ਸੀ ਆਵਨੇ ਤੋਂ,
ਦੁਖਾਂ ਵਾਲੀ ਛਡੀ ਜਦੋਂ ਰਾਤ ਨੇ ਭੜਾਸ ਆਨ।
ਖੰਭ ਲਗੇ ਧਰਮ ਨੂੰ ਸੀ ਵੇਖਿਆ ਅਧਰਮ ਜਦੋਂ,
ਕਹਿਰਾਂ ਤੇ ਮੁਸੀਬਤਾਂ ਦੇ ਨਾਲ ਬੈਠਾ ਪਾਸ ਆਨ।
ਹਾ ਹਾ ਕਾਰ ਮਚੀ ਤਦੋਂ ਸਾਰੇ ਸੰਸਾਰ ਅੰਦਰ,
ਦੂਈ ਤੇ ਦਵੈਤ ਜਦੋਂ ਕੀਤਾ ਸੀ ਗਰਾਸ ਆਨ।

ਖਾ ਖਾਕੇ ਠੋਕਰਾਂ ਸੀ ਭੁਲਦੇ ਹਨੇਰੇ ਵਿਚ,
ਭੁਲੇ ਜਪੁ ਜਾਪੁ ਨਾ ਕੋਈ ਪੜਦਾ ਰਹਿਰਾਸ ਆਨ।
ਜੀਵ ਬਣ ਜੀਵ ਨੂੰ ਹੀ ਜੀਵ ਡਰ ਪਾਣ ਲਗਾ,
ਲੋਭ ਤੇ ਹੰਕਾਰ ਜਦੋਂ ਕੀਤਾ ਦਿਲੀਂ ਵਾਸ ਆਨ।
ਖੁਭ ਗਏ ਸੀ ਈਰਖਾ ਦੇ ਚਿਕੜਾਂ ਦੇ ਵਿਚ ਸਭੇ,
ਨਾਮ ਸਚੇ ਰਬ ਦੀ ਸੀ ਛਡ ਦਿਤੀ ਆਸ ਆਨ।
ਦਿਲਾਂ ਵਿਚ ਵਸਦਾ ਜੋ ਸੋਮਾਂ ਸੀ ਪਿਆਰ ਵਾਲਾ,
ਕ੍ਰੋਧ ਵਾਲੀ ਅਗਨੀ ਨੇ ਕਰ ਦਿਤਾ ਨਾਸ ਆਨ।

ਮਿਲਦੀ ਨ ਢੋਈ ਜਦੋਂ ਵੇਖੀ ਕਿਸੇ ਪਾਸਿਓਂ ਵੀ,
ਛਡ ਬੈਠੀ ਆਸ ਧਰਤ ਹੋਈ ਸੀ ਉਦਾਸ ਆਨ।
ਅਤ ਦਾ ਤੇ ਰਬ ਦਾ ਹੈ ਵੈਰ ਮਸ਼ਹੂਰ ਤਦੋਂ,
ਸ੍ਰੀ ਭੈਣੀ ਸਾਹਿਬ ਵਿਚ ਕੀਤਾ ਸੀ ਨਿਵਾਸ ਆਨ।
ਨਾਨਕ ਦਾ ਸਰੂਪ ਧਾਰ ਜਾਮਾ ਆਯਾ ਬਾਹਰਵਾਂ ਤੇ,
ਅਨਤ ਕਲਾਂ ਵਿਚ ਹੋਯਾ ਪੂਰਨ ਉਜਾਸ ਆਨ।
ਆਸ਼ਾ ਵਾਲੇ ਬੁਝੇ ਦੀਪ ਮੁੜਕੇ ਜਗਾ ਦਿਤੇ,
ਭਰ ਦਿਤੀ ਆਸ ਤੇ ਮਿਟਾਈ ਸੀ ਨਿਰਾਸ ਆਨ।

ਬੁਲੇ ਪ੍ਰੇਮ ਦੇ ਚਲਾਕੇ, ਸਭੇ ਵਿਛੜੇ ਮਿਲਾਕੇ, ਉਚ ਨੀਚ ਨੂੰ ਮਿਟਾਕੇ ਚੋਰ ਸਾਧ ਕੀਤੇ ਦਾਸ ਆਨ।
ਨਾਮ ਵਲੋਂ ਸਖਣੇ ਜੋ ਪਏ ਹਿਰਦੇ ਵੇਖਕੇ ਤੇ, ਨਾਮ ਹਰੀ ਵਾਲਾ ਸੀ ਜਪਾਯਾ ਸ੍ਵਾਸ ਸ੍ਵਾਸ ਆਨ।
ਰਾਖਸ਼ੋਂ ਕੇ ਚੀਤ ਕਰ ਸਾਧ ਦੀਏ ਪਲ ਵਿਚ, ਚੋਰੀ ਜਾਰੀ ਠਗੀ ਤੇ ਛੁਡਾਇਆ ਦਾਰੂ ਮਾਸ ਆਨ।
ਹੋਈ ਜੈ ਜੈ ਕਾਰ 'ਰਾਹੀ' ਸਾਰੇ ਸੰਸਾਰ ਅੰਦਰ, ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ।

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ

ਕੇਹਰ ਸਿੰਘ ਜੀ 'ਕੇਹਰ'

ਸ੍ਰੀ ਦਸਮੇਸ ਪਿਛੋਂ ਸਿਖੀ ਮੰਦ ਹਾਲ ਹੁੰਦੀ,
ਨਿਤਨੇਮ ਸਿਖਾਂ ਖੋਟੇ ਕਰਮ ਕਮਾਣਾਂ ਸੀ।
ਗੁਰਮਤ ਅਲੋਪ ਹੁੰਦੀ ਮਨ ਮਤ ਸ਼ੇਖ ਹੁੰਦੀ,
ਰਾਕਸ਼ਾਂ ਦੇ ਭੇਖ ਧਾਰੀ ਭੌਣਾਂ ਸਿਖਾਂ ਬਾਣਾਂ ਸੀ।
ਜਿਸ ਨਾਮ-ਬਾਣੀ ਦਾ ਅਧਾਰ ਸਿਖੀ ਮਾਨ ਹੈਸੀ,
ਓਸੇ 'ਬਾਣੀ ਗਰੰਥ' ਜੀ ਦੀ ਛਾਪ ਮਿਟ ਜਾਣਾ ਸੀ।
ਸਚ ਦੀ ਜੋ ਪੁਛਦਾ ਨਾ ਧਰਮ ਦਾ ਦਿਵਾਲਾ ਹੁੰਦਾ,
ਦੁਨੀਆਂ ਤੇ ਬੋਲ ਬਾਲਾ ਝੂਠ ਦਾ ਹੋ ਜਾਣਾਂ ਸੀ।
ਕੌਣ ਕਹਿੰਦਾ ਲੋਕਾਂ ਤਾਂਈ ਛਡੋ ਚੋਰੀ ਛਡੋ ਯਾਰੀ,
ਡਾਕੂਆਂ ਤੋਂ ਸੰਤ ਕਰ ਕਿਸਨੇ ਵਖਾਣਾ ਸੀ।

ਮਦ ਮਾਸ ਭੰਗ ਛਡੋ ਪਰ ਨਾਰੀ ਸੰਗ ਛਡੋ,
ਕਿਸ ਉਪਦੇਸ਼ ਦੇਕੇ ਡੰਕਾ ਇਹ ਵਜਾਣਾਂ ਸੀ।
ਸਾਦਾ ਖਾਣਾ ਸੁਚਾ ਪੀਣਾ ਸਤਿਜੁਗੀ ਨ ਹੁੰਦਾ ਬਾਣਾਂ,
ਚਿਟਾ ਦਸਤਾਰਾ ਸੀਸ ਕਿਸਨੇ ਸਜਾਣਾਂ ਸੀ।
ਅਨੰਦ ਮਰਯਾਦਾ ਦੀ ਸਾਦੀ ਉਚੀ ਰੀਤ ਤੋਰ,
ਆਰਥਕ ਤੰਗੀਆਂ ਦੀ ਜੜ ਨੂੰ ਪੁਟਾਣਾ ਸੀ।
ਬੁਚੜਾਂ ਦਾ ਜੋਰ ਹੁੰਦਾ, ਤੁਰਕਾਂ ਦਾ ਸ਼ੋਰ ਹੁੰਦਾ,
ਤੋਪਾਂ ਨਾਲ ਉਡ ਕਿਸ ਧਰਮ ਨੂੰ ਬਚਾਣਾ ਸੀ।
ਦੇਸ ਵਿਚ ਗੈਰ ਰਾਜ ਦੁਖੀਆਂ ਦੀ ਹਾ ਹਾ ਕਾਰ,
ਹਿੰਦ ਦਾ 'ਗੁਲਾਮੀ-ਤੌਕ' ਹੋਰ ਕਿਨ ਲਾਹਣਾ ਸੀ।

ਜਗ ਵਿਚ ਛਾਈ ਅਗਿਆਨਤਾ ਦੀ ਕਾਲੀ ਰਾਤ,
ਸਿਦਕੀ ਜਿਊੜਿਆਂ ਨੂੰ ਦਿਤਾ ਧਰਵਾਸ ਆਨ।
ਗਊ ਗਰੀਬ ਦੁਖੀਆਂ ਨੂੰ ਸ਼ਾਂਤੀ ਪ੍ਰਦਾਨ ਲਈ,
ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ।

ਸਾਡੀ ਸੋਹਣੀ ਬਸੰਤ ਬਨਾ ਸਤਿਗੁਰ

ਇੰਦਰ ਦਮਨ ਸਿੰਘ

ਅਵੇ ਰਾਂਝਿਆ ਹੀਰ ਨੂੰ ਭੁਲ ਗਿਓਂ,
ਪੁਨੂੰ ਸਸੀ ਦੀ ਵੀ ਕੀਤੀ ਭਾਲ ਕੋਈ ਨਾ।
ਗਡੇ ਬਹਿ ਤੁਰਿਆ ਗਲ ਕੰਬਲੀ ਲੈ,
ਸੁਰਖੀ ਚੀਨੀ ਦਾ ਕੀਤਾ ਖਿਆਲ ਕੋਈ ਨਾ।
ਮਾਣ ਟੁਟਿਆ ਮੈਂ ਨਿਮਾਨੜੀ ਦਾ,
ਜਦੋਂ ਆਂਵਦਾ ਡਿਠਾ ਦਿਆਲ ਕੋਈ ਨਾ।
ਹੰਝੂ ਸੁਕ ਗਏ ਏਹਨਾਂ ਦੋ ਅਖੀਆਂ ਚੋਂ,
ਧੀਰ ਦੇਣ ਵਾਲਾ ਦਿਸੇ ਨਾਲ ਕੋਈ ਨਾ।

ਨਿਕਲਨ ਸਿਸਕੀਆਂ, ਸਿਦਕੀਆਂ ਸੇਵਕਾਂ ਦੀਆਂ, ਹਥ ਦੇਕੇ ਧਰਮ ਬਚਾ ਸਤਿਗੁਰ।

ਨਿਹ ਕਲੰਕ ਦੇਹਧਾਰੀ ਗੁਰੂ ਰਾਮ ਸਿੰਘ ਜੀ, ਸਾਡੀ ਸੋਹਣੀ ਬਸੰਤ ਬਨਾ ਸਤਿਗੁਰ।

ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ

ਇਕਬਾਲ ਸਿੰਘ ਜੀ ਮਨਚੰਦਾ

ਕੀਤਾ ਪਰਚਾਰ ਸੁਚ ਸੋਧ ਦੇ ਵਿਹਾਰ ਵਾਲਾ,
ਬੇੜਾ ਮਨ ਮੱਤੀਆਂ ਦਾ ਹੋਯਾ ਪਾਸ਼ ੨ ਆਨ।
ਨਾਮ ਵਾਲੀ ਧਾਰਾ ਦਾ ਚਲਾਯਾ ਪਰਵਾਹ ਇਵੇਂ,
ਨਿਰਮਲ ਗੰਗਾ ਜਿਵੇਂ ਉਤਰੀ ਕੈਲਾਸ ਆਨ।
ਮਿਟਿਆ ਅੰਧੇਰ ਤੇਜ ਚਮਕਿਆ ਸੰਸਾਰ ਐਸਾ,
ਮਾਨੋ ਕੋਟ ਭਾਨ ਉਦੇ ਹੋਏ ਨੇ ਅਕਾਸ਼ ਆਨ।
ਗਣ ਤੇ ਗੰਧਰਬ ਸਾਰੇ ਬੋਲ ਉਠੇ ਇਕ ਸੁਰ,
ਸਤਿਗੁਰੂ ਰਾਮ ਸਿੰਘ ਕੀਤਾ ਪਰਕਾਸ਼ ਆਨ।

Namdhari Elibrary NamdhariElibrary@gmail.com

"ਸਾਡੀ ਸੋਹਣੀ ਬਸੰਤ ਬਣਾ ਸਤਿਗੁਰ"

ਇਕਬਾਲ ਸਿੰਘ ਮਨਚੰਦਾ

ਮੰਦੇ ਹਾਲ ਨੇ ਤੇਰੇ ਦੀਵਾਨਿਆਂ ਦੇ, ਬ੍ਰਿਹੋਂ ਅਗਨੀ ਆਨ ਬੁਝਾ ਸਤਿਗੁਰ।
ਨੂਰੀ ਮੁਖੜੇ ਦੀ ਸੋਹਣੀ ਝਲਕ ਦੇ ਨਾਲ, ਆਕੇ ਠੰਢ ਕਲੇਜੜੇ ਪਾ ਸਤਿਗੁਰ।
ਮੰਦੇ ਚੰਗੇ ਹਾਂ ਤੇਰੇ ਅਖਵਾਂਵਦੇ ਹਾਂ, ਲੜ ਲਗੇ ਹਾਂ ਤੋੜ ਨਿਭਾ ਸਤਿਗੁਰ।
ਝੋਲੀ ਅਡਕੇ ਖੜੇ ਹਾਂ ਦਰ ਤੇਰੇ, ਖੈਰ ਦਰਸ ਦਾ ਆਨਕੇ ਪਾ ਸਤਿਗੁਰ।
ਰਿਤੂ ਰਾਜ ਰਾਣੀ ਤੇਰੇ ਬਾਝ ਸੁੰਞੀ, ਆਕੇ ਏਸ ਦੀ ਸ਼ਾਨ ਵਧਾ ਸਤਿਗੁਰ।
ਇਕੋ ਮੰਗ ਹੈ ਅਸਾਂ ਨਾਮਧਾਰੀਆਂ ਦੀ, ਸਾਡੀ ਸੋਹਣੀ ਬਸੰਤ ਬਣਾ ਸਤਿਗੁਰ।

ਆਈ ਫੇਰ ਬਹਾਰ

ਵਲੋਂ—ਗੁਰਚਰਨ ਸਿੰਘ 'ਪੰਛੀ' ਪਿਥੋ

ਆਈ ਫੇਰ ਬਹਾਰ, ਦਾਤਾ! ਆਈ ਫੇਰ ਬਹਾਰ
ਬਾਗਾਂ ਦੇ ਵਿਚ ਕਲੀਆਂ ਮਹਿਕਣ!
ਖੁਸ਼ੀਆਂ ਦੇ ਵਿਚ ਫ਼ਸਲਾ ਟਹਿਕਣ।
ਖਿੜੀ ਜਾਪੇ ਗੁਲਜਾਰ। ਦਾਤਾ! ਆਈ ਫੇਰ ਬਹਾਰ.........
ਭੌਰ ਫੁਲਾਂ ਤੇ ਗੀਤ ਅਲਾਪਣ।
ਹਰ ਪਾਸੇ ਹੀ ਖ਼ੁਸ਼ੀਆਂ ਜਾਪਣ।
ਮੌਲਿਆ ਹੈ ਸੰਸਾਰ ਦਾਤਾ! ਆਈ ਫੇਰ ਬਹਾਰ.........
ਮੋਰ ਖੁਸ਼ੀ ਵਿਚ ਪੈਲਾਂ ਪਾਵਣ।
ਆਲਣਿਆਂ ਵਿਚ ਪੰਛੀ ਗਾਵਣ।
ਵਿਚ ਖੁਸ਼ੀ ਨਰ ਨਾਰ। ਦਾਤਾ! ਆਈ ਫੇਰ ਬਹਾਰ.........
ਖੁਸ਼ੀ ਦੇ ਵਿਚ ਚਿੱੜੀਆਂ ਚੂਕਣ।
ਮੱਸਤੀ ਦੇ ਵਿਚ ਕੋਇਲਾਂ ਕੂਕਣ।
ਕਰਨ ਤੇਰਾ ਇੰਤਜਾਰ। ਦਾਤਾ! ਆਈ ਫੇਰ ਬਹਾਰ.........
'ਪੰਛੀ' ਹੁਨ ਤੂ ਦੇਰ ਕਿਓਂ ਲਾਈ।
ਚੀਨੀ ਦੀ ਨਾ ਵਾਗ ਭਵਾਈ।
ਆ ਜਾਵੀਂ ਇਕ ਵਾਰ। ਦਾਤਾ! ਆਈ ਫੇਰ ਬਹਾਰ...—...

ਸਾਡੀ ਸੋਹਣੀ ਬਸੰਤ ਬਨਾ ਸਤਿਗੁਰੂ

ਅਜ ਸੋਹਨੀ ਬਸੰਤ ਬਹਾਰ ਆਈ,
ਬੈਠ ਸਖੀਆਂ ਗੀਤ ਅਲਾਂਦੀਆਂ ਨੇ।
ਗਿਧਾ ਪਾਂਦੀਆਂ ਮਿਲ ਕੇ ਪੀਂਘ ਝੂਟਨ,
ਪੀਆਂ ਵਾਲੀਆਂ, ਕਹਿ ਸਦਾਂਦੀਆਂ ਨੇ।
ਦੋਹਾਂ ਦਿਲਾਂ ਦਾ ਕਰਕੇ ਤੇਲ ਕਠਾ,
ਦੀਪ ਖੁਸ਼ੀ ਦੇ ਇਹ ਜਲਾਂਦੀਆ ਨੇ ।
ਪੱਤੇ ਪੱਤੇ ਵੀ ਖਿੜ ਖਿੜ ਹੱਸਦੇ ਨੇ,
ਜਦੋਂ ਗੀਤ ਇਹ ਖੁਸ਼ੀ ਦੇ ਗਾਂਦੀਆਂ ਨੇ।

ਜਗਜੀਤ ਸਿੰਘ ਅਜਾਦ

ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ

ਹੋਇਆ ਸੀ ਅੰਧੇਰ ਦੂਰ ਸਾਰੇ ਸੰਸਾਰ ਜੀ ਦਾ,
ਅਜ ਦੇ ਦਿਹੜੇ ਹੋਇਆ ਖੁਸ਼ੀ ਦਾ ਹੁਲਾਸ ਆਨ।
ਪ੍ਰਗਟੇ ਗੋਪਾਲ ਨਾਥ ਪਿਤਾ ਜਸਾ ਸਿੰਘ ਘਰ,
ਮਾਤਾ ਸਦਾ ਕੌਰ ਗੋਦ ਕੀਤਾ ਹੈ ਸੀ ਵਾਸ ਆਨ।
ਪਾਪੀਆਂ ਦੇ ਪਾਪ ਕੰਬੇ ਸੰਤਾ ਦੇ ਪੁੰਨ ਰੰਭੇ,
ਦੁਖੀਆ ਦੇ ਦੁਖ ਸਾਰੇ ਹੋਇਨੇ ਬਿਨਾਸ ਆਨ।
ਸੇਵਕ ਮੈਂ ਦੇਵਾਂ ਦਿਨ ਅਜ ਦੇ ਵਧਾਈ ਲਖ,
ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ।

ਸੰਤ ਸੁੰਦਰਸਿੰਘ ਜੀ

ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ

ਅਜ ਦਾ ਦਿਹਾੜਾ ਪਿਆਰਾ ਲਗਦਾ ਹੈ ਜਗ ਤਾਈਂ,
ਧੌਲ ਧਰਮ ਡੋਲੇ ਗੁਰਾਂ ਦਿਤੀ ਧਰਵਾਸ ਆਨ।
ਧਰਤ ਦੀ ਪੁਕਾਰ ਸੁਣ ਸ੍ਰੀ ਗੁਰੂ ਰਾਮ ਹਰੀ,
ਅਨੰਤ ਕਲਾ ਧਾਰ ਕੀਤਾ ਧਰਤ ਪੁਰ ਵਾਸ ਆਨ।
ਦਸ ਲੱਖ ਨਾਮ ਧਾਰੀ ਕੀਤਾ ਥੋਹੜੇ ਸਮੇਂ ਵਿਚ,
ਦਸਕੇ ਭਜਨ ਕੀਤਾ ਸਾਰਿਆ ਨੂੰ ਦਾਸ ਆਨ।
ਮਾਘ ਸੁਦੀ ਪੰਚਮੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ,
ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ।

'ਹੰਸਜੀ'

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ

ਗੁਰ ਦੀਦਾਰ ਸਿੰਘ

ਸੁੰਦਰ ਸਰੂਪ ਮੁਖ ਉਜਲ ਦੀਦਾਰ ਜੇਹਦਾ।
ਭਾਗਾਂ ਵਾਲਾ ਚਾਨਨਾ ਤੈਂ ਕੀਤਾ ਹੈ ਅਕਾਸ਼ ਆਨ।
ਭਾਰਤ ਪਿਆਰਾ ਅਤੇ ਧਰਮ ਦਾ ਸਹਾਰਾ ਭਾਰਾ।
ਸਿਖੀ ਦਾ ਸਤਾਰਾ ਉਚਾ ਕੀਤਾ ਹੈ ਸੁ ਖਾਸ ਆਨ।
ਦੁਖੀਆਂ ਦਾ ਸਹਾਈ ਅਤੇ ਗਊਆਂ ਨੂੰ ਬਚਾਨ ਵਾਲਾ।
ਹਥ ਲੈਕੇ ਮਾਲਾ ਕੀਤਾ ਦੁਸ਼ਟਾਂ ਦਾ ਨਾਸ ਆਨ।
ਦੇਵਾਂ ਮੈਂ ਵਧਾਈ ਲਖ ਸੰਗਤਾਂ ਨੂੰ ਹੱਥ ਜੋੜ।
ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ।

ਸਾਡੀ ਸੋਹਨੀ ਬਸੰਤ ਬਨਾ ਸਤਿਗੁਰ

(ਇੰਦਰ ਸਿੰਘ ਚਕ੍ਰਵਰਤੀ ਬੈਂਕੋਕ ਸਿਆਮ)

ਬਿਲਿਆਂ ਨੇ ਰਾਜ ਪਾਇ ਹਿੰਦ ਨੂੰ ਗੁਲਾਮ ਕਰ, ਮਾਰਦੇ ਸੀ ਗਾਈਂ ਪਾਪੀ ਦੇਕੇ ਤਰਾਸ ਆਨ।
ਗਾਈਆਂ ਦਾ ਦੁਖ ਸੂਰੇ ਸਿੰਘ ਨਾ ਸਹਾਰ ਸਕੇ, ਵਢ ਦਿਤੇ ਬੁਚੜ ਜੋ ਕੋਟਲੇ ਦੇ ਪਾਸ ਆਨ।
ਗਊ ਤੇ ਗਰੀਬ ਲਈ ਸਿੰਘ ਸੀ ਸ਼ਹੀਦ ਹੋਏ, ਤੋਪ ਦੇ ਗੋਲਿਆਂ ਨੂੰ ਕਰਦੇ ਸੀ ਹਾਸੀ ਆਨ।
ਹਿੰਦ ਦੀ ਗੁਲਾਮੀ ਵਾਲੇ ਸੰਗਲਾਂ ਦੇ ਤੋੜਨੇ ਨੂੰ, ਸਤਿਗੁਰੂ ਰਾਮ ਸਿੰਘ ਕੀਤਾ ਪ੍ਰਕਾਸ਼ ਆਨ।
ਹੁਨ ਤਾਂ ਗੋਰੇ ਵੀ ਬਿਸਤਰਾ ਗੋਲ ਕਰ ਗਏ, ਜਿਨਾ ਦਿਤਾ ਵਿਛੋੜਾ ਸੀ ਪਾ ਸਤਿਗੁਰ।
ਲੋਕੀਂ ਪਾਪਾਂ ਦੇ ਵਿਚ ਗਲਤਾਨ ਹੋਏ, ਸੜ ਰਹੇ ਨੇ ਦੇਸ਼ ਦੀ ਭਾਹ ਸਤਿਗੁਰ।
ਸਾਰੇ ਜਗ ਨੂੰ ਨਾਮ ਜਪਾਕੇ ਤੇ, ਦੈਤੋਂ ਦੇਵਤੇ ਦਿਹ ਬਨਾ ਸਤਿਗੁਰ।
ਦਰਸ ਦੇਕੇ ਕਾਲਜੇ ਠੰਢ ਪਾਕੇ, ਸਾਡੀ ਸੋਹਨੀ ਬਸੰਤ ਬਨਾ ਸਤਿਗੁਰ।

[ਨੋਟ—ਇੰਦਰ ਸਿੰਘ ਚਕ੍ਰਵਰਤੀ ਸਿਆਮ ਹੁਰਾਂ ਨੇ ਪੰਥ ਦੇ ਮਹਾਨ ਤੇ ਪਰਸਿਧ ਲੇਖਕ ਦਾ ਨਾਮ ਤੇ ਤਖਲਸ ਅਪਣਾ ਲਿਆ ਹੈ। ਮੈਂ ਉਹਨਾਂ ਨੂੰ ਸਲਾਹ ਦਿੰਦਾ ਹਾਂ ਕਿ ਓਹ ਜਾਂ ਤਾਂ ਨਾਮ ਬਦਲ ਲੈਣ ਤੇ ਜਾਂ ਤਖਲਸ। ਜੇ ਐਸਾ ਨਹੀਂ ਕਰਨਗੇ ਤਾਂ ਉਹਨਾਂ ਦੀ ਸਾਰੀ ਸ਼ੁਹਰਤ ਅਸਲ ਚਕ੍ਰਵਰਤੀ ਜੀ ਦੇ ਖਾਤੇ ਵਿਚ ਚਲੀ ਜਾਵੇਗੀ। ਤੇ ਜੇ ਕਿਤੇ ਸਿਆਮੀ ਚਕ੍ਰਵਰਤੀ ਜੀ ਦੀ ਕਲਮ ਬਹੁਤੀ ਚੰਗੀ ਨਾ ਬਣ ਸਕੀ ਤਾਂ ਭੁਲੇਖੇ ਨਾਲ ਅਸਲ ਚਕ੍ਰਵਰਤੀ ਜੀ ਨੂੰ ਵੀ ਉਸ ਤੋਂ ਨੁਕਸਾਨ ਹੋ ਸਕਦਾ ਹੈ। ਮੈਂ ਖੁਸ਼ ਹੋਵਾਂਗਾ ਜੇ ਉਹਨਾਂ ਤੋਂ ਵੀ ਚੰਗੇ ਬਣ ਸਕਣ ਪਰ ਚਕ੍ਰਵਰਤੀ ਜੀ ਦਾ ਨਾਮ ਜਾਂ ਤਖਲਸ ਰਖਕੇ ਨਹੀਂ ਸਗੋਂ ਅਮਲ ਤੇ ਅਭਿਆਸ ਕਰਕੇ ਆਪਣਾ ਨਾਮ ਬਣਾਨ। [ਰਾਜਿੰਦਰ ਸਿੰਘ

ਵਦੈਗੀ–ਪਤ੍ਰ–

[ਸੇਠ ਸੁਹੇਲ ਸਿੰਘ ਜੀ "ਧੀਰ" ਸਿਆਮ]

ਨੋਟ– ਏਹ ਕਵਿਤਾ ਸਤਿਗੁਰੂ ਜੀ ਦੇ ਸਿਆਮੋਂ ਮੁੜਨ ਸਮੇਂ 'ਧੀਰ' ਜੀ ਨੇ ਸੰਗਤ ਵਿਚ ਪੜ੍ਹੀ– ਰਾਜਿੰਦਰ ਸਿੰਘ

ਕਿਡੀ ਕਾਹਲ ਕੀਤੀ ਪਿਛਾਂ ਪਰਤਣੇ ਲਈ, ਕਿਧਰੇ ਬਹੁਤੇ ਦਿਹਾੜੇ ਤੁਸੀ ਰਹੇ ਤਾਂ ਨਹੀਂ।
ਰੀਝਾਂ ਲਥੀਆਂ ਨਾਂ ਸਧਰਾਂ ਪੂਰੀਆਂ ਨਾਂ, ਅਜੇ ਭੌਂ ਜਹਾਜ ਦੇ ਲਹੇ ਤਾਂ ਨਹੀਂ।

ਨਾ ਕੋਈ ਪਿਆਰ ਵਿਹਾਰ ਦੀ ਹੋਈ ਚਰਚਾ, ਬਚਣ ਸੁਣੇ ਤੇ ਦੁਖੜੇ ਕਹੇ ਤਾਂ ਨਹੀਂ।
ਏਧਰ ਓਧਰ ਹੀ ਸੰਗਤਾਂ ਤਾਰਦੇ ਰਹੇ, ਇਕਥਾਂ ਸੁਖ ਨਾਲ ਰਜ ਬਹੇ ਤਾਂ ਨਹੀਂ।
ਦਾਤਾ ਦਿਨ ਗਿਣਦੇ, ਗਿਣਦੇ ਥਕ ਜਾਂਦੇ, ਅਕ ਜਾਂਦੇ ਹਾਂ ਵਾਟ ਵੀ ਤਕਦੇ ਤਾਂ।
ਸੰਘ ਸੁਕ ਜਾਂਦੇ ਅਰਜਾਂ ਕਰਦਿਆਂ ਦੇ, ਨੈਣ ਰੋਂਦਿਆਂ ਦੇ ਜਾਂਦੇ ਪਕਦੇ ਤਾਂ।

ਤੁਸੀਂ ਬੜੇ ਨਿਰਮੋਹ ਦਿਲ ਸਖਤ ਵਾਲੇ, ਦੁਖ ਸੁਖ ਦਾ ਤੁਸਾਂ ਤੇ ਭਾਰ ਕੋਈ ਨਹੀਂ।
ਭਿਜੇ ਰੈਹਿੰਦੇ ਹੋ ਭਜਨ ਗੁਰਬਾਣੀ ਅੰਦਰ, ਕਰਦੇ ਦੁਨੀਆਂ ਦਾ ਤੁਸੀ ਵਿਹਾਰ ਕੋਈ ਨਹੀਂ।
ਫੇਰ ਏਥੇ ਸਮਾਧੀ ਕੀਹ ਲਗਦੀ ਨਹੀਂ, ਜਾਂ ਮੁੜ ਸੇਵਾ ਦੀ ਅਸਾਂ ਨੂੰ ਸਾਰ ਕੋਈ ਨਹੀਂ।
'ਧੀਰ' ਕਹਿ ਕਿਓਂ ਨਹੀ ਦੇਂਦੇ ਸਾਫ ਸਾਨੂੰ, ਤੁਹਾਡੇ ਦਿਲ ਵਿਚ ਸਾਡੇ ਲਈ ਪਿਆਰ ਕੋਈ ਨਹੀਂ।

ਜੀਵੋਂ ਜਾ ਬੇਸ਼ਕ ਸਾਡਾ ਯੋਰ ਕੋਈ ਨਹੀਂ, ਸਦਕੇ ਔਨ ਲਈ ਪਕਾ ਇਕਰਾਰ ਕਰਕੇ।
ਰੈਹ ਸਕੋ ਨਾ ਤੁਸੀਂ ਵੀ ਬਹੁਤ ਇਕਥਾਂ, ਜੀ ਓਧਾਰ ਤੇ ਪੰਥ ਪ੍ਰਚਾਰ ਕਰਕੇ।
ਗਰੀਬ ਨਿਵਾਜ ਮੁਥਾਜ ਹਾਂ ਲਾਜ ਰਖਣੀ, ਗੁਣ ਹੀਣ ਜੇ ਔਗਣ ਚਤਾਰਨੇ ਨਹੀਂ।
ਚੰਗੇ ਕਰਮ ਕੋਈ ਨਹੀਂ ਧਰਮ ਵਿਚ ਪਿਛੇ, ਫਾਥੇ ਗੇੜ ਚੁਰਾਸੀ ਵਸਾਰਨੇ ਨਹੀਂ।

ਓਟ ਆਸਰਾ ਆਪਦੇ ਬਿਨਾਂ ਕੋਈ ਨਾ, ਸਿਕਾਂ ਸਿਕਦੇ ਸੋਹਕ ਵਿਚ ਮਾਰਨੇ ਨਹੀਂ।
"ਧੀਰ" ਆਪਨੂੰ ਆਖਦੇ ਪਤਤ ਪਾਵਨ, ਦੁਖੀ ਦੀਨ ਮਸਕੀਨ ਕੀ ਤਾਰਨੇ ਨਹੀਂ।
ਪਾਤਸ਼ਾਹ ਦੀ ਖੇਤੀ ਹੈ ਖਸਮ ਸੇਤੀ, ਛੇਤੀ ਮੁੜ ਜੇ ਤਰਸ ਕਰ ਦਰਸ ਮਿਲ ਜੈ।
ਫਲ ਫੁਲ ਨਾ ਏਸਦੇ ਗੁਲ ਹੋਵਨ, ਜੇਕਰ ਚਰਨਾਂ ਦਾ ਝਬ ਸਪਰਸ਼ ਮਿਲ ਜੈ।

Namdhari Elibrary NamdhariElibrary@gmail.com

ਬਸੰਤੀ ਚੁਨੀਆਂ

(ਸੰਤ ਸੁੰਦਰ ਸਿੰਘ ਜੀ ਦਰਵੇਸ਼ ਬੂਸੇ ਵਾਲ)

ਸੂਰਜ ਸਿਖੀ ਦਾ ਡੁਬਿਆ ਸੀ, ਫਿਰ ਜਗਾਇਆ ਰਾਮ ਨੇ।
ਰਾਹ ਜੋ ਦਸਮੇਸ਼ ਦਾ ਸੀ, ਫਿਰ ਚੁਹਰਾਇਆ ਰਾਮ ਨੇ।
ਬਾਣੀ ਪੜਨੀ ਨਾਮ ਜਪਣਾ, ਕਾਰ ਕਰਨੀ ਧਰਮ ਦੀ।
ਮਦਦ ਕਰਨੀ ਮਾੜਿਆਂ, ਦਿਲ ਦੇ ਮਿਟਾਕੇ ਭਰਮ ਜੀ।
ਗਊਆਂ ਦੀ ਕਰਨੀ ਪਾਲਣਾ, ਜੋ ਕੰਮ ਸਾਰੇ ਛਡਕੇ।
ਸ਼ਾਂਤੀ ਦੀ ਅਗਨੀ ਨਾਲ ਹੀ, ਏਹ ਜਾਣ ਗੋਰੇ ਭਜਕੇ।
ਉਹ ਦਸ ਰਸਤਾ ਧਰਮ ਦਾ, ਤੇ ਤੁਰ ਗਿਆ ਪਰਦੇਸ ਸੀ।
ਪਰ ਕਹਿ ਗਿਆ ਇਕ ਵਾਰ ਆਵਾਂ, ਫੇਰ ਏਸੇ ਵੇਸ ਹੀ।
ਆਉ ਮਾਹੀ ਇਕ ਵਾਰੀ ਆਓ ਦਿਨ ਬਸੰਤ ਦੇ।
ਜੀਵਣੇ ਦਾ ਹਾਲ ਕੀ ਏ, ਬਾਝ ਪਿਆਰੇ ਕੰਤ ਦੇ।
ਲੀੜੇ ਬਸੰਤੀ ਪਾ ਲਏ, ਅਜ ਨੀਂਗਰਾਂ ਤੇ ਮੁਨੀਆਂ।
ਤਦ ਆਖਿਆ (ਦਰਵੇਸ਼) ਸੀ, ਲੈ ਲੌ ਬਸੰਤੀ ਚੁਨੀਆਂ।

ਬਸੰਤ ਅੰਕ ਵਿਚ ਹੋਈਆਂ ਭੁਲਾਂ

ਮਾਤਾ ਜੀਉਣ ਕੌਰ ਜੀ ਦੇ ਪ੍ਰਸੰਗ ਸਫ਼ਾ ੭੦ ਦੀ ੧੧ਵੀਂ ਸਤਰ ਵਿਚ ੧੯੭੬ ਦੀ ਥਾਂ ੧੯੭੧ ਪੜ੍ਹੋ।

੭੧ ਸਫੇ ਦੇ ਪਹਿਲੇ ਕਾਲਮ ਦੀ ਤੇਰਵੀ ਲੈਨ ਵਿਚ ੩੧ ਦੀ ਥਾਂ ਸਾਵਣ ੩੧ ਪੜ੍ਹੋ।

ਤਰਨ ਸਿੰਘ

ਓਹ ਦੁਨੀਆਂ—ਸਫਾ ੫੫ ਉਤੇ ਛਪੇ ਲੇਖ ਵਿਚ ਏਹ ਦਸਣਾਂ ਰਹਿ ਗਿਆ ਸੀ ਕਿ ਐਥਾਸ ਟਾਪੂ ਦੀ ਅਬਾਦੀ ਕਿਵੇਂ ਵਧਦੀ ਹੈ। ਈਸਾਈ ਮਤ ਦੇ ਬਿਹੰਗਮ ਹੋਣ ਵਾਲੇ "ਸੰਤ ਉਹ ਦੁਨੀਆਂ ਦੀ ਜਾ" ਸ਼ਰਨ ਲੈਂਦੇ ਹਨ। ਕਈ ਪਰਿਵਾਰ ਛੋਟੇ ਬਚਿਆਂ ਨੂੰ ਹੀ ਚੜ੍ਹਾਵੇ ਦੇ ਤੌਰ ਤੇ ਓਥੇ ਭੇਟਾ ਕਰ ਦਿੰਦੇ ਹਨ, ਜਿਸ ਕਰਕੇ ਓਥੋਂ ਦੀ ਅਬਾਦੀ ਦੇ ਘਟਣ ਦਾ ਪਰਸ਼ਨ ਪੈਦਾ ਨਹੀਂ ਹੁੰਦਾ।

ਰਾਜਿੰਦਰ ਸਿੰਘ

ਨੰਬਰ ਦੀ ਕੀਮਤ—

ਇਹ ਸਾਡੀ ਸ਼ਾਨਦਾਰ ਗਲਤੀ ਹੈ ਕਿ ਅਸੀਂ ਨੰਬਰ ਦੀ ਕੀਮਤ ਨਹੀਂ ਲਿਖ ਸਕੇ। ਹੁਣ ਨੋਟ ਕਰ ਲਓ—ਬਸੰਤ ਨੰਬਰ ੨੦੧੩ ਦੀ ਕੀਮਤ ੧।) ਰੁਪੈ ਹੈ!

ਮੈਨੇਜਰ

Namdhari Elibrary NamdhariElibrary@gmail.com

ਬਸੰਤ-ਉਤਸ਼ਵ

ਦਿਲੀ--

੧੫-੧੬-੧੭ ਫ਼ਰਵਰੀ ੧੯੫੭ ਨੂੰ ਦਿਲੀ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਮਹਾਨ ਜਨਮ-ਉਤਸ਼ਵ ਮਨਾਇਆ ਗਿਆ ਜਿਸਦੀ ਰੌਣਕ ਤਾਂ ਹੋਲੇ ਜਿੰਨੀ ਹੀ ਹੋ ਗਈ ਪਰ ਸੁਆਦ ਉਸ ਤੋਂ ਵੀ ਕੁਝ ਵਧ ਗਿਆ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਾਂ ਇਤਨੀ ਕ੍ਰਿਪਾ ਕੀਤੀ ਕਿ ਮੇਲੇ ਉਤੇ ਭਰਪੂਰ ਦਰਸ਼ਨ ਦਿਤੇ। ਸੰਗਤ ਦਾ ਅਨੁਮਾਨ ਸੀ ਕਿ ਦਰਸ਼ਨ ਦੇ ਲਿਹਾਜ਼ ਨਾਲ ਏਹ ਮੇਲਾ ਸਭ ਤੋਂ ਵਧ ਗਿਆ ਹੈ।

੪ ਫਗਣ ਸ਼ਾਮ ਤੋਂ ਮੇਲਾ ਅਰੰਭ ਹੋਇਆ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਨਾਲ। ੫ ਫ਼ਗਣ ਨੂੰ ਮੇਲੇ ਵਿਚ ਬਹੁਤ ਰੌਣਕ ਵਧ ਗਈ ਤੇ ੬ ਨੂੰ-ਸ਼ਾਇਦ ਐਤਵਾਰ ਹੋਣ ਕਰਕੇ-ਹੜ ਹੀ ਆ ਗਿਆ। ਕੁਝ ਅਨੰਦਾਂ ਦਾ ਅਕਰਸ਼ਣ ਤੇ ਦੂਸਰੇ ਸੰਤ ਪ੍ਰੀਤਮ ਸਿੰਘ ਜੀ ਦੇ ਜਥੇ ਦੇ ਸੰਗੀਤ-ਮਈ ਕੀਰਤਨ ਦੀਆਂ ਧੁਨਾਂ ਕਨਾਤੋਂ ਬਾਹਰ ਹੋ ਗਈਆਂ। ਕਨਾਤਾਂ ਲਾਹ ਦੇਣ ਤੇ ਵੀ ਸੰਗਤ ਦੇ ਖਲੋਣ ਬਹਿਣ ਲਈ ਥਾਂ ਦੀ ਘਾਟ ਜਾਪ ਰਹੀ ਸੀ ।

ਮੇਲੇ ਵਿਚ ਇਕ ਖਾਸ਼ ਵਿਸ਼ੇਸ਼ਤਾ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੁਆਰਾ ਹੋ ਗਈ ਕਿ ਸਾਰੇ ਪੰਜਾਬ ਵਿਚੋਂ ਚਿਠੀਆਂ ਭੇਜ ਕੇ ਮੁਖੀਆਂ ਸਜਣਾਂ ਤੇ ਸੂਬਿਆਂ ਨੂੰ ਦਿਲੀ ਬੁਲਾ ਲਿਆ ਏਸ ਨਾਲ ਦਰਸ਼ਨ ਵਿਸ਼ੇਸ਼ ਹੋ ਗਏ ਜਿਸ ਨਾਲ ਰਹਿੰਦੀ ਥੁੜ ਵੀ ਮੁਕ ਗਈ।

ਸੰਤ ਫ਼ਤੇ ਸਿੰਘ ਜੀ ਬਸੰਤ-ਮੇਲੇ ਦੇ ਪ੍ਰਧਾਨ ਪ੍ਰਚਾਰਕ ਸਨ ਜਿੰਨਾਂ ਦੀ ਉਪਮਾਂ ਹਰ ਸਜਣ ਦੀ ਰਸਨਾਂ ਉਤੇ ਸੀ। ਦਿੱਲੀ ਵਾਸੀ ਸਮਝਦੇ ਸਨ ਕਿ ਨਾਮਧਾਰੀ ਪ੍ਰਚਾਰਕਾਂ ਵਿਚੋਂ ਭਾਈ ਫਤੇ ਸਿੰਘ ਜੀ ਇਕ ਹਨ। ਭਾਈ ਹੁਰਾਂ ਬਾਬਤ ਏਹ ਗਲ ਦਾਹਵੇ ਨਾਲ ਕਹੀ ਜਾ ਸਕਦੀ ਹੈ ਕਿ ਜਦੋਂ ਤੋਂ ਆਪ ਨੇ ਪ੍ਰਚਾਰਕਾਂ ਦੀ ਦੁਨੀਆਂ ਵਿਚ ਪ੍ਰਵੇਸ਼ ਕੀਤਾ ਹੈ ਉਦੋਂ ਤੋਂ ਲੈਕੇ ਅਜ ਤੀਕ ਗੁਰਬਾਣੀ ਦਾ ਪ੍ਰਚਾਰਕ ਸਾਰੀ ਦੁਨੀਆਂ ਵਿਚ ਆਪ ਦੀ ਬ੍ਰਾਬਰੀ ਦਾ ਪੈਦਾ ਨਹੀਂ ਹੋ ਸਕਿਆ । ਮੇਰਾ ਅੰਦਾਜ਼ਾ ਹੈ ਕਿ ਸੰਤ ਜੇ ਚਹੁੰਣ ਤਾਂ ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਹੀ [ਬਿਨਾਂ ਕਿਸੇ ਹੋਰ ਵਿਆਖਿਆ ਦੇ) ਕਿਸੇ ਵਡੇ ਤੋਂ ਵਡੇ ਵਿਸ਼ੇ ਨੂੰ ਸਿਰੇ ਚਾੜ ਸਕਦੇ ਹਨ । ਆਪ ਦੀ ਏਸ ਵਿਸ਼ੇਸ਼ਤਾ ਦੀ ਧਾਂਕ ਸਿਖ ਜਗਤ ਦੇ ਸਾਰੇ ਪ੍ਰਚਾਰਕਾਂ ਦੇ ਦਿਲਾਂ ਉਤੇ ਮੋਹਰ ਦੀ ਤਰਾਂ ਉਘੜੀ ਹੋਈ ਹੋਈ ਹੈ। ਬਸੰਤ ਉਤੇ ਅਕਾਲ ਪੁਰਖ ਨਾਲੋਂ ਗੁਰੂ ਦੀ ਵਿਸ਼ੇਸ਼ਤਾ ਕਿਤੇ ਬਹੁਤੀ ਹੈ ਦਸਦੇ ਹੋਏ ਆਪਨੇ ਕਿਹਾ ਕਿ ਗੁਰੂ ਹੀ ਹੈ ਜੋ ਸਿਖ ਦੀ ਹਰ ਸਮੇਂ ਹਰ ਤਰਾਂ ਨਾਲ ਸਹੈਤਾ ਕਰ ਸਕਦਾ ਹੈ। ਤੇ ਏਹੋ ਹੀ ਕਹਿੰਦਾ ਹੈ ਕਿ ਅਕਾਲ ਪੁਰਖ ਦਾ ਵੀ ਨਾਲ ਹਿਸਾ ਰਖੀ ਚਲੋ ।

ਅਗੇ ਇਹ ਖਿਆਲ ਕੀਤਾ ਜਾਂਦਾ ਸੀ ਕਿ ਵਾਰ ਸੰਤ ਗਿਆਨ ਸਿੰਘ ਹੁਰਾਂ ਨਾਲ ਹੀ ਸਜਦੀ ਹੈ ਪਰ ਐਤਕਾਂ ਸੰਗਤਾਂ ਦੇ ਅੰਦਾਜ਼ੇ ਬਦਲ ਗਏ ਤੇ ਉਹਨਾਂ ਦਾ ਫੈਸਲਾ ਸੀ ਕਿ ਸੰਤ ਪ੍ਰੀਤਮ ਸਿੰਘ ਜੀ ਪੱਦੀ ਦਾ ਜਥਾ ਜਿੰਨਾਂ ਸੁਆਦ ਬਣਾ ਸਕਦਾ ਹੈ ਵਾਰ ਦਾ ਓਹ ਕਹਿਣ ਤੋਂ ਪਰ੍ਹੇ ਹੈ। ਸੰਤ ਆਪ ਤੇ ਆਪ ਦਾ ਜਥਾ ਵਾਰ ਦਾ ਹੀ ਰੂਪ ਹੋ ਜਾਂਦੇ ਹਨ। ੬ ਤੇ ੭ ਫਗਣ ਦੀ ਵਾਰ ਦੀਆਂ ਧੁੰਮਾਂ ਸਾਰੀ ਦਿੱਲੀ ਵਿਚ ਪੈ ਗਈਆਂ ਤੇ ਅਜ ਨਾਲੋਂ ਹਰ ਕਲ ਦੀ ਹਾਜ਼ਰੀ ਕਿਤੇ ਵਧ ਹੁੰਦੀ ਸੀ। ਸੰਤਾਂ ਦੇ ਜਥੇ ਦੇ ਗਿਆਨੀ ਹੁਰਾਂ ਦੀ ਪਉੜੀ ਪੜਨ ਦੀ ਕਲਾ ਨੇ ਮੇਰੇ ਤੇ ਖਾਸ ਅਸਰ ਕੀਤਾ ।

Namdhari Elibrary NamdhariElibrary@gmail.com

ਪੰਡਤ ਗੁਪਾਲ ਸਿੰਘ ਜੀ ਦੇ ਪ੍ਰਚਾਰ ਤੇ ਸ਼ਬਦ ਦੀ ਕਲਾ ਬਾਕੀ ਪ੍ਰਚਾਰਕਾਂ ਨਾਲੋਂ ਨਿਰਾਲੀ ਹੈ। ਆਪਣੇ ਪ੍ਰਚਾਰ ਦੇ ਅਸਰ ਨਾਲ ਪੰਡਤ ਜੀ ਨੇ ਹਜ਼ਾਰਾਂ ਨਵੇਂ ਨਾਮਧਾਰੀ ਸਜਾ ਦਿਤੇ ਪੁਰਾਣੇ ਸੁਰਜੀਤ ਕਰਦਿਤੇ ਹਨ ! ਬਸੰਤ ਉਤੇ ਆਪਦੇ ਕੀਰਤਨ ਨੇ ਮੁਇਆਂ ਵਿਚ ਜਾਨ ਪੈਦਾ ਕਰ ਦਿਤੀ ਜੋ ਆਦਮੀ ਦੀਵਾਨ ਵਿਚ ਆ ਗਿਆ ਓਹ ਭੋਗ ਪੈਣ ਤੋਂ ਪਹਿਲੋਂ ਨਹੀਂ ਹਿਲਿਆ ।

ਸੰਤ ਦੇਵਾ ਸਿੰਘ ਜੀ ਸਿਆਲ ਕੋਟ ਵਾਲੇ ਪੰਥ ਦੇ ਪੁਰਾਣੇ ਪ੍ਰਚਾਕਕ ਹਨ ਜਿੰਨਾਂ ਦੇ ਰੋਮ-ਰੋਮ ਵਿਚੋਂ ਏਹ ਅਵਾਜ਼ ਉਠਦੀ ਰਹਿੰਦੀ ਹੈ ਕਿ ਨਾਮਧਾਰੀ ਪੰਥ ਸਾਰੀ ਦੁਨੀਆਂ ਨਾਲੋਂ ਬਹੁਤਾ ਚੰਗਾ ਇਖਲਾਕ ਦਾ ਮਾਲਕ ਬਣੇ ਤੇ ਏਸਦਾ ਪ੍ਰਚਾਰ ਸੰਸਾਰ ਦੇ ਜ਼ਰੇ-ਜ਼ਰੇ ਉਤੇ ਪਿਆ ਦਿਸੇ। ਆਪ ਨੇ ਦੀਵਾਨ ਵਿਚ ਦਸਿਆ ਸਾਡੇ ਪ੍ਰਚਾਰਕਾਂ ਨੂੰ ਦੂਪਤਾਂ ਨੰਗੀ ਕਰਨ ਨਾਲੋਂ ਸਤਿਗੁਰੂ ਰਾਮ ਜੀ ਦੇ ਜੀਵਨ ਨੂੰ ਅਧਾਰ ਬਣਾਕੇ ਪ੍ਰਚਾਰ ਕਰਨਾਂ ਚਾਹੀਦਾ ਹੈ ।

ਸੰਤ ਗਿਆਨ ਸਿੰਘ ਜੀ ਵੀਰੋ ਕਿਆਂ ਵਾਲਿਆਂ ਦਸਿਆ ਕਿ ਅਕਾਲ ਪੁਰਖ ਦਾ ਰੂਪ ਰੰਗ ਕੀ ਹੈ ਤੇ ਏਹ ਕਿਵੇ ਪਹਿਚਾਣਿਆਂ ਜਾ ਸਕਦਾ ਹੈ। ਆਪ ਦਾ ਜੀਵਨ ਆਮ ਪ੍ਰਚਾਰਕਾਂ ਨਾਲੋਂ ਬਹੁਤ ਉਚਾ ਹੈ ਜਿਸ ਦਾ ਪ੍ਰਭਾਵ ਉਹਨਾ ਦੇ ਦੀਵਾਨਾਂ ਉਤੇ ਵੀ ਪ੍ਰਤੱਖ ਦਿਸਦਾ ਹੈ ।

ਸੰਤ ਸੂਬੇ ਬਹਾਲ ਸਿੰਘ ਜੀ ਤੇ ਸਾਂਈ ਦਾਸ ਜੀ ਜੀ ਦੀ ਕਵਿਤਾ ਵੀ ਨਾਮਧਾਰੀ ਪੰਥ ਵਿਚ ਖਾਸ ਥਾਂ ਰਖਦੀ ਹੈ। ਜਦੋਂ ਪ੍ਰਚਾਰਕ ਪਿੜ ਛਡ ਜਾਂਦੇ ਹਨ ਤਾਂ ਮੈਦਾਨ ਆਪ ਦੇ ਹੱਥ ਹੁੰਦਾ ਹੈ । ਹੇਠਲੀ ਪੰਗਤੀ ਏਹਨਾਂ ਤੇ ਪੂਰੀ ਤਰਾਂ ਢੁਕਦੀ ਹੈ ।

ਲਾਦੇ ਮੋਦਨਾਂ ਖਾੜਾ
ਮੇਲਾ ਵਿਛੜ ਗਿਆ।

ਦਿਲੀ ਦੇ ਜਥੇਦਾਰ ਗਿਆਨੀ ਗੁਰਬਖਸ਼ ਸਿੰਘ ਜੀ, ਜਥੇਦਾਰ ਈਸ਼ਰ ਸਿੰਘ ਜੀ ਰੰਗੀਲਾ, ਜਥੇਦਾਰ ਦਰਸ਼ਨ ਸਿੰਘ ਜੀ, ਸੰਤ ਗੁਰਬਚਨ ਸਿੰਘ ਜੀ ਕਾਲੂ ਸਰਾਇ ਸੰਤ ਰੂੜ ਸਿੰਘ ਜੀ ਦੇ ਦੀਵਾਨਾਂ ਨੇ ਬਾਹਰੋਂ ਆਏ ਪਰਚਾਰਕਾਂ ਦਾ ਥਕੇਵਾਂ ਲਾਹਿਆ ਤੇ ਸੰਗਤ ਦੀ ਬੜੀ ਚੰਗੀ ਵਕਤ ਕਟੀ ਕਰਵਾਈ।

੬ ਫਗਣ ਦੀ ਰਾਤ ਦਿਲੀ ਦੀ ਸੰਗਤ ਲਈ ਬੜੀ ਅਹਿਮ ਹੈ। ਰਾਤ ਦੇ ੯ ਵਜੇ ਕਵੀ ਦਰਬਾਰ ਸ਼ੁਰੂ ਹੋਇਆ ਜੋ ਢਾਈ ਘੰਟੇ ਚਲਦਾ ਰਿਹਾ। ਏਸ ਵਿਚ ਰੇਡੀਓ ਤੇ ਗੌਣ ਵਾਲੇ ਤੇ ਦਿਲੀ ਦੇ ਮਸ਼ਹੂਰ ਕਵੀਆਂ ਹਿਸਾ ਲਿਆ। ਸੰਗਤ ਬੁਤ ਬਣੀ ਸਭ ਕੁਝ ਸੁਣੀ ਜਾ ਰਹੀ ਸੀ, ਕਵੀ ਕਦੇ ਜੋਸ਼ ਦਿਵੌਂਦੇ ਤੇ ਕਦੇ ਰੁਔਂਦੇ ਸਨ। ਕਈ ਸੈਂਕੜੇ ਰੁਪਏ ਕਵੀਆਂ ਨੂੰ ਇਨਾਮ ਵਜੋਂ ਮਿਲੇ।

ਸ੍ਰੀ ਸਤਿਗੁਰੂ ਜੀ ਫੁਰਮਾਇਆ ਕਿ ਮੈਂ ਨੌਂ ਵਜੇ ਤੋਂ ਪਿਛੋਂ ਰਾਤ ਨੂੰ ਹੁਣ ਬੈਠ ਨਹੀਂ ਸਕਦਾ ਪਰ ਕਵੀਆਂ ਦੀਆਂ ਕਵਿਤਾਵਾਂ ਨੇ ੧੧ ਵਜਾ ਦਿਤੇ ਹਨ। ਉਹਨਾਂ ਨੂੰ ਅਸ਼ੀਰਵਾਦ ਦਿੰਦਿਆਂ ਆਪਨੇ ਫੁਰਮਾਇਆ ਕਿ– ਕਵਿਤਾ ਦਾ ਗੁਣ ਮਹਾਨ ਹੈ ਮਹਾਨ ਹਨ ਉਹ ਜਿੰਨਾਂ ਇਸਨੂੰ ਅਪਣਾਇਆ । ਜੋ ਕੁਝ ਇਹਨਾਂ ਦੀਵਾਨ ਵਿਚ ਬੋਲਿਆ ਹੈ ਓਹ ਕਹਿਣ ਕਥਨ ਤੋਂ ਪਰੇ ਹੈ ਜਿਸਦਾ ਮੁਲ ਨਹੀਂ ਦਿਤਾ ਜਾ ਸਕਦਾ। ਕਿਉਂਕਿ ਸਤਿਗੁਰੂ ਜੀ ਲਿਖਦੇ ਹਨ–

ਸੀਸ ਵਢੇ ਕਿਆ ਬੈਸਣ ਦੀਜੈ
ਬਿਨ ਸਿਰ ਸੇਵ ਕਰੀਜੈ।

ਨਾ ਅਸੀਂ ਸਿਰ ਦੇ ਸਕਦੇ ਹਾਂ ਤੇ ਨਾਂ ਹੀ ਉਤਨੀ ਸੇਵਾ ਹੋ ਸਕਦੀ ਹੈ।

ਕਵਿਤਾ ਦੀ ਸਮਸਿਆ—

ਸਤਿਗੁਰੂ ਰਾਮ ਸਿੰਘ ਤੇਰੀ ਅਜ ਲੋੜ ਹੈ।

ਜਿੰਨੀ ਸੁੰਦਰ ਹੈ ਓਨੀਆਂ ਹੀ ਸੁੰਦਰ ਕਵਿਤਾਵਾਂ ਹਨ ਜਿੰਨਾਂ ਨਾਲ ਰੋਮ ੨ ਵਿਚ ਵੇਦਨਾਂ ਭਰ ਆਈ ਹੈ ਤੇ ਤਨ ਮਨ ਰੋ ਉਠਿਆ ਹੈ ਉਸ ਪਿਆਰੇ ਸਤਿਗੁਰੂ ਜੀ ਦੀ ਯਾਦ ਵਿਚ। ਅਸੀਂ ਅਰਜ ਕਰਦੇ ਹਾਂ ਕਿ ਸਤਿਗੁਰੂ ਜੀ ਤੁਹਾਨੂੰ ਸਚ ਵਲ ਲੌਣ ਤੇ ਸਾਰੇ ਲਾਲਚਾਂ ਤੋਂ ਉਚੇ ਹੋਕੇ ਤੁਸੀਂ ਮੁਲਕ ਤੇ ਕੌਮ ਦੀ ਸੇਵਾ ਕਰ ਸਕੋ।

ਬਸੰਤ ਦੇ ਕਵੀ ਸਨ— ਸਾਬਰ ਜੀ, ਚਾਂਦ ਜੀ, ਬਰਕਤ ਜੀ, ਗੁਰਦਾਸਪੁਰੀ ਜੀ ਤੇ ਰਤਨ ਜੀ। ਇਕ ਦੋ ਹੋਰ ਕਵੀ ਵੀ ਹੈ ਸਨ ਜਿੰਨਾਂ ਦੇ ਮੈਨੂੰ ਨਾਮ ਨਹੀਂ ਯਾਦ।

ਪ੍ਰਬੰਧ—

ਮੇਲੇ ਦੀ ਸਭ ਤੋਂ ਵਡੀ ਖੂਬ-ਸੂਰਤੀ ਮਹਾਰਾਜ ਨਿਹਾਲ ਸਿੰਘ ਜੀ ਸਨ। ਆਪਦੀ ਹਰਦਿਲ ਅਜੀਜ਼ੀ ਤਾਂ ਹਰ ਆਦਮੀ ਦੇ ਮਨ ਵਿਚ ਅਗੇ ਹੀ ਵਸਦੀ ਏ। ਪਰ ਬਸੰਤ ਦੇ ਦਿਨਾਂ ਵਿਚ ਆਪਦੀ ਦਰਸ਼ਨ ਝਾਕੀ ਹੋਰ ਵੀ ਖਿਚ ਪਾਊ ਸੀ। ਮੇਲੇ ਦੇ ਦਿਨਾਂ ਵਿਚ ਆਪ ਮੌਕੇ ਬੇਮੌਕੇ ਹਮੇਸ਼ਾਂ ਲੰਗਰ ਤੇ ਦੀਵਾਨ ਦਾ ਇੰਤਜ਼ਾਮ ਵੇਖਦੇ ਰਹੇ ਤੇ ਦੀਵਾਨ ਵੀ ਹਰ ਰੋਜ ਸੁਣਦੇ ਰਹੇ।

ਸ੍ਰ. ਵਜੀਰ ਸਿੰਘ ਸ੍ਰ. ਭਗਵਾਨ ਸਿੰਘ ਸ੍ਰੀ ਸੋਖੀ ਜੀ ਐਮ. ਐਲ. ਸੀ. ਸੰਤ ਮੰਗਲ ਸਿੰਘ ਜੀ ਸ੍ਰ. ਹਜਾਰਾ ਸਿੰਘ ਜੀ ਸੂਬਾ ਪ੍ਰੀਤਮ ਸਿੰਘ ਜੀ ਬਾਬੂ ਕਰਤਾਰ ਸਿੰਘ ਜੀ ਏਹ ਸਤ ਆਦਮੀ ਦਿਲੀ ਦਾ ਦਿਲ ਹਨ। ਕੰਮ ਕਰਨ ਲਈ ਇਹਨਾਂ ਦਾ ਜਿੰਨਾਂ ਉਦਮ ਮੈਂ ਵੇਖਿਆ ਹੈ ਓਹ ਪ੍ਰਸ਼ੰਸਾ ਯੋਗ ਹੈ। ਹਸਦੇ ਹਸਦੇ ਚਿਹਰੇ ਰਾਤ ਦਿਨ ਕੰਮ ਦਾ ਰੁਝਾ ਤੇ ਸਭ ਪਾਸੇ ਧਿਆਨ ਦੇਣਾਂ ਇਹਨਾਂ ਦੇ ਸੁਭਾਵਾਂ ਦੀ ਖਾਸੀਅਤ ਹੈ। ਦਿਲੀ ਨੂੰ ਜਿਹੜਾ ਸੂਬਾ ਮਿਲਿਆ ਹੈ ਅਜੇਹੇ ਸੁਭਾ ਵਾਲਾ ਸ਼ਾਇਦ ਹੋਰ ਕਿਸੇ ਇਲਾਕੇ ਨੂੰ ਨਾਂ ਹੀ ਮਿਲਿਆ ਹੋਵੇ। ਆਪਦੀ ਜਿੰਨੀ ਉਪਮਾਂ ਕੀਤੀ ਜਾਏ ਥੋੜੀ ਹੈ।

ਰਮੇਸ਼ ਨਗਰ ਦੇ ਸਜਨਾਂ ਨੇ ਵੀ ਸੇਵਾ ਵਿਚ ਬੜਾ ਹਥ ਵਟਾਇਆ ਹੈ ਪਰ ਨਾਵਾਂ ਦੀ ਤਫਸੀਲ ਮੈਨੂੰ ਯਾਦ ਨਹੀਂ।

ਸੰਤ ਨਗਰ ਦੇ ਲਾਂਗਰੀ ਰਾਮ ਰਾਮ, ਰੋੜਸ ਤੇ ਅਨੇਕਾਂ ਓਹ ਜੋ ਮੇਰੇ ਲਈ ਅਣਪਛਾਤੇ ਹਨ ਪਰ ਜਿੰਨਾਂ ਰਾਤ ਦਿਨ ਲੰਗਰ ਪਕਾਇਆ ਤੇ ਪ੍ਰਸ਼ਾਦ ਪਾਣੀ ਉਤੋਂ ਦੀ ਰਖਿਆ ਬਹੁਤ ੨ ਵਧਾਈ ਦੇ ਪਾਤਰ ਹਨ। ਸੈਕਲ ਤੇ ਜੋੜੇ ਸਾਂਭਣ ਦਾ ਇੰਤਜ਼ਾਮ ਬੜਾ ਹੀ ਸੁੰਦਰ ਸੀ ਤੇ ਦੀਵਾਨ ਦੇ ਖੇਮੇ ਬਿਜਲੀ ਲਾਊਡ ਸਪੀਕਰ ਆਦਿ ਦੇ ਇੰਤਜ਼ਾਮ ਲਈ ਖਾਲਸਾ ਟੈਂਟ ਸਟੋਰ ਦੇ ਮਾਲਕ ਵੀ ਧੰਨਵਾਦ ਦੇ ਯੋਗ ਹਨ।

ਸ੍ਰੀ ਸਤਿਗੁਰੂ ਜੀ ਦੀ ਤਾਂ ਸਾਰੀ ਮਾਯਾ ਹੀ ਸੀ ਜਿਸ ਲਈ—

ਏਕ ਜੀਹ ਕਿਆ ਕਥੈ ਵਿਚਾਰੀ।

ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਨੇ ਬਸੰਤ ਉਤੇ ਦਿਲੀ ਦਰਸ਼ਨ ਦੇਕੇ ਮੇਲੇ ਦੀ ਸੋਭਾ ਨੂੰ ਸੌ ਗੁਣਾਂ ਕਰ ਦਿਤਾ।

ਦਿਲੀ ਦੀ ਸੰਗਤ ਦੇ ਸ੍ਰੀ ਨਿਰਮਾਣ ਜੀ ਸੰਤ ਜਗਤ ਸਿੰਘ ਜੀ ਜਥੇਦਾਰ ਤੇ ਹੋਰ ਅਨੇਕ ਸਜਣ ਮੇਲੇ ਦੇ ਇੰਤਜ਼ਾਮ ਲਈ ਵਧਾਈ ਦੇ ਹਕਦਾਰ ਹਨ।

[ਰਾਜਿੰਦਰ ਸਿੰਘ

Namdhari Elibrary NamdhariElibrary@gmail.com

ਪੰਥਕ—ਡਾਕ

ਦਿਲੀ ਰਮੇਸ਼ ਨਗਰ—

ਗਿਆਨੀ ਮੰਗਲ ਸਿੰਘ ਜੀ ਨੇ ਸਤਿਗੁਰਾਂ ਨਮਿਤ ਪਾਠ ਦਾ ਭੋਗ ਪਵਾਇਆ ਜਿਸਦੀ ਖੁਸ਼ੀ ਵਿਚ ੧।) ਭੇਟਾ ਲੰਗਰ ਤੇ ੧।) ਸਤਿਜੁਗ ਦੀ ਸਹੈਤਾ ਕੀਤੀ ਧੰਨਵਾਦ।

ਸੰਤ ਸੁਵਰਨ ਸਿੰਘ ਜੀ ਨੇ ਦਰਸ਼ਨ ਨਮਿਤ ਵਰਨੀ ਕਰਵਾਈ। ੫) ਰੁਪਏ ਲੰਗਰ ਨੂੰ ਅਰਦਾਸ ਕਰਾਏ ਤੇ ੧।) ਸਤਿਜੁਗ ਨੂੰ ਬਖਸ਼ੇ ਖੁਸ਼ੀਆਂ।

ਸ. ਗੁਰਬਖਸ਼ ਸਿੰਘ ਜੀ ਨੇ ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ ਅਖੰਡ ਪਾਠ ਕਰਾਇਆ ਤੇ ਬਹੁਤ ਸਾਰਾ ਦਾਨ ਕੀਤਾ ਜਿਸ ਵਿਚੋਂ ੧।) ਸਤਿਜੁਗ ਨੂੰ ਸਹੈਤਾ ਦਿਤੀ ਤੇ ੧।) ਲੰਗਰ ਭੇਟ ਕੀਤਾ। ਸਤਿਗੁਰੂ ਜੀ ਬਚੇ ਨੂੰ ਉਮਰ ਵਾਲਾ ਬਣੌਣ।

ਸੰਤ ਪਰੀਤਮ ਸਿੰਘ ਜੀ ਡੱਲੇ ਵਾਲਿਆਂ ਨੇ ਸਤਿਗੁਰਾਂ ਨਮਿਤ ਭੋਗ ਪਵਾਇਆ ੧। ਲੰਗਰ ਭੇਟ ਤੇ ੧।) ਸਹੈਤਾ ਸਤਿਜੁਗ। ਸ਼ੁਕਰੀਆ।

ਸੰਤ ਆਤਮਾਂ ਸਿੰਘ ਜੀ ਪੰਨਵ ਨੇ ਸਤਿਗੁਰਾਂ ਨਮਿਤ ਦੋ ਵਰਨੀਆਂ ਕਰਵਾਈਆਂ ੧।) ਲੰਗਰ ਦੀ ਭੇਟਾ ਤੇ ੧। ਸਹੈਤਾ ਸਤਿਜੁਗ ਧੰਨਵਾਦ।

ਸ਼ਹੀਦੀ ਪੁਰਬ-

ਰਮੇਸ਼ ਨਗਰ ਦੀ ਸੰਗਤ ਨੇ ੧੮ ਜਨਵਰੀ ਨੂੰ ਸ਼ਹੀਦੀ ਦਿਨ ਮਨਾਇਆ ਜਿਸ ਵਿਚ ਬਾਬਾ ਜੰਗਾ ਸਿੰਘ ਜੀ ਨੇ ਵੀ ਦਰਸ਼ਨ ਦਿਤੇ। ਸੰਤ ਈਸ਼ਰ ਸਿੰਘ ਜੀ ਖਾਰੇ ਵਾਲੇ ਗਿਆਨੀ ਗੁਰਬਖਸ਼ ਸਿੰਘ ਜੀ ਸੰਤ ਸੁਰੈਣ ਸਿੰਘ ਜੀ ਤੇ ਸੰਤ ਗੁਰਦੀਪ ਸਿੰਘ ਜੀ ਨੇ ਦੀਵਾਨ ਲਾਏ। ਸਾਰਾ ਦਿਨ ਬੜੀ ਰੌਣਕ ਬਣੀ ਰਹੀ।

ਦਾਸ ਕਰਤਾਰ ਸਿੰਘ ਸੋਧੀ [ਬਲਿਹਾਰ ਜਾਵਾਂ

ਪੋਹ ਸੁਦੀ ਸਤਵੀਂ—

ਲੋਪੋ ਕਿਆਂ ਵਿਚ ਪੋਹ ਸੁਦੀ ਸਤਵੀਂ ਜਨਮ ਗੁਰੂ ਗੋਬਿੰਦ ਸਿੰਘ ਜੀ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਜਲੂਸ ਨਿਕਲੇ ਦੀਵਾਨ ਸਜੇ। ਕਵੀਆਂ ਕਵਿਤਾਵਾਂ ਪੜੀਆਂ ਸੰਤ ਗੁਰਦਿਤ ਸਿੰਘ ਜੀ ਨੇ ਅਖੰਡ ਪਾਠ ਕਰਵਾਇਆ ਤੇ ਦਾਸ ਨੇ ਵੀ ਇੰਤਜ਼ਾਮ ਤੇ ਕੀਰਤਨ ਵਿਚ ਹਿਸਾ ਪਾਇਆ।

ਦਾਸ ਸ਼ਰਮ ਸਿੰਘ ਲੋਪੋਕੇ।

ਕਾਨ੍ਹ ਪੁਰ—

ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਮਨਾਈ ਗਈ। ਸਾਰਾ ਦਿਨ ਤੇ ਰਾਤ ਕੀਰਤਨ ਹੁੰਦਾ ਰਿਹਾ। ਸੰਤ ਤੇਜਾ ਸਿੰਘ ਜੀ ਦੇ ਘਰ ਬੀਬੀਆਂ ਨੇ ਵਰਨੀ ਕੀਤੀ। ਬੀਬੀਆਂ ਏਥੇ ਹਰਵੀਰਵਾਰ ਵਰਨੀ ਕਰਦੀਆਂ ਹਨ।

ਮਹਿੰਦਰ ਸਿੰਘ ਕਾਨ੍ਹ ਪੁਰ ਯੂ. ਪੀ.

ਮੋਰਾਂ ਵਾਲੀ-

ਸ. ਨੌਰੰਗ ਸਿੰਘ ਜੀ ਦੇ ਘਰ ਅਖੰਡ ਪਾਠ ਹੋਇਆ ਜਿਸ ਦੀ ਖੁਸੀ ਵਿਚ ੨।।) ਲੰਗਰ ਦੀ ਭੇਟਾ ਤੇ ੧।) ਸਤਿਜੁਗ ਨੂੰ ਸਰਦਾਰ ਜੀ ਨੇ ਦਿਤੀ। ਖੁਸ਼ੀਆਂ

ਲੁਹਾਰ ਪ੍ਰਤਾਪ ਪੁਰਾ ਵਿਚ ਸ: ਲਾਲ ਸਿੰਘ ਜੀ ਅਖੰਡ ਪਾਠ ਕਰਵਾਇਆ ੨।।) ਲੰਗਰ ਦੀ ਭੇਟਾ ਕੀਤੇ ਤੇ ੨।।) ਸਹੈਤਾ ਸਤਿਜੁਗ ਨੂੰ ਦਿਤੀ ਏਸ ਖੁਸ਼ੀ ਵਿਚ। ੧।) ਪੀੜੇ ਸਾਹਿਬ ਵਾਲਾ ਵੀ ਪਹੁੰਚ ਗਿਆ ਹੈ ਸੰਤਾ ਸਿੰਘ ਜੀ ਆਪ ਨੂੰ ਹੁਣ ਕੋਈ ਫਿਕਰ ਨਹੀਂ।

ਜੰਮੂ—

ਏਥੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ

ਦਿਨ ਬੜੀ ਰੌਣਕ ਨਾਲ ਮਨਾਇਆ ਗਿਆ ਤੇ ਸੁਭਾ ਚਾਰ ਵਜੇ ਸੰਤ ਜਗਤ ਸਿੰਘ ਜੀ ਨੇ ਜਥੇ ਸਮੇਤ ਵਾਰਾ ਲਾਇਆ। ਜਥੇਦਾਰ ਗੁਰਦਿਤ ਸਿੰਘ ਜੀ ਤੇ ਬੇਲਾ ਸਿੰਘ ਜੀ ਨੇ ਮਹਾਰਾਜ ਦੇ ਕਾਰਨਾਮਿਆਂ ਤੇ ਰੋਸ਼ਨੀ ਪਾਈ।

ਜੰਮੂ ਦੀ ਸੰਗਤ ਵਲੋਂ ਪੁਜੀ ਵਧਾਈ ਨੂੰ ਅਸੀ ਤਹਿਦਿਲੋਂ ਸ੍ਵੀਕਾਰ ਕਰਦ ਹਾਂ। ਪ੍ਰੀਤਮ ਸਿੰਘ

ਸਿਆਮ

ਸ੍ਰ. ਈਸ਼ਰ ਸਿੰਘ ਜੀ 'ਦਲੇਰ' ਦੀ ਸੁਪਤਨੀ ਨੇ ੫੦ ਟਿਕਲ ਸ਼ਹੀਦੀਆਂ ਲਈ ਤੇ ੫੦੦ ਟਿਕਲ ਗੁਰੂ ਦੇ ਲੰਗਰ ਲਈ ਅਰਦਾਸ ਕਰਾਏ। ਗੁਰੂ ਕੀਆਂ ਖੁਸ਼ੀਆਂ।

ਲੁਦਿਹਾਣਾਂ-

ਸੰਤ ਭੂਰੀ ਵਾਲਿਆਂ ਦੇ ਗੁਰਦੁਆਰੇ ਬਸੰਤ ਉਤਸ਼ਵ ਮਨਾਇਆ ਗਿਆ ਤੇ ਇਕ ਅਖੰਡ ਪਾਠ ਦਾ ਭੋਗ ਪਾਇਆ ਗਿਆ। ਸੰਤ ਟਹਿਲ ਸਿੰਘ ਜੀ ਤੇ ਪੰਡਿਤ ਮਨਸ਼ਾ ਸਿੰਘ ਜੀ ਕੌਮੀ ਨੇ ਦੀਵਾਨ ਲਾਏ। ਅਤੇ ਲੈਕਚਰ ਦਿਤੇ। ਬਿਸ਼ਨ ਸਿੰਘ ਜੀ ਨੇ ਕਵਿਤਾ ਸੁਣਾਈ। ਪਾਠ ਦੀ ਮਾਇਆ ਸ੍ਰ. ਬਿਸ਼ਨ ਸਿੰਘ ਮਾਨ ਨੇ ਖਰਚ ਕੀਤੀ। ਬੀਬੀ ਬਲਬੀਰ ਕੌਰ ਜੀ ਨੇ ਸਾਧਾਰਣ ਪਾਠ ਦਾ ਭੋਗ ਪਵਾਇਆ ਸਤਿਗੁਰੂ ਆਗਮਨ ਦੀ ਖੁਸ਼ੀ ਵਿਚ ਦਿਨ ਰਾਤ ਅਖੰਡ ਕੀਰਤਨ ਹੁੰਦਾ ਰਿਹਾ।

ਸ੍ਰ. ਨਿਰੰਜਣ ਜੀ ਸਿੰਘ 'ਕੌਮੀ' ਲਾਲ ਸਿੰਘ ਤੇ ਬਾਬੂ ਰਾਮ ਸਿੰਘ ਜੀ ਆਦਿ ਨੇ ਦਿਲ ਖੋਹਲਕੇ ਸੇਵਾ ਕੀਤੀ ੧।) ਸਹੈਤਾ ਸਤਿਜੁਗ ਨੂੰ ਪ੍ਰਾਪਤ ਹੋਈ।

ਬਾਬੂ ਰਾਮ ਸਿੰਘ

ਦਿਲੀ ਤੋਂ-

ਲੰਗਰ ਵਾਸਤੇ ਹੇਠ ਲਿਖੀ ਮਾਇਆ ਅਰਦਾਸ ਹੋਈ—

ਸ੍ਰ. ਸੰਤੋਖ ਸਿੰਘ ਸ਼ਕੂਰ ਬਸਤੀ ?।)

ਸ੍ਰ. ਕਰਤਾਰ ਸਿੰਘ ਮਿੰਟਗੁਮਰੀ ਟ੍ਰਾਂ: ਪੋ. ?।)

ਸ੍ਰ. ਹਰਦਿਆਲ ਸਿੰਘ ਵਰਨੀ ਕਰਾਈ ੫।)

ਬੀਬੀ ਗੁਰਦਿਆਲ ਕੌਰ ਵਰਨੀ— ?।)

ਦਾਸ ਅਛਰ ਸਿੰਘ ਜਥੇਦਾਰ

ਆਹ ! ਸੰਤ ਲਖਾ ਸਿੰਘ ਜੀ

੨੪ ਪੋਹ ਨੂੰ ਬਾਹੜ ਵਾਲੀਏ ਸੰਤ ਲਖਾ ਸਿੰਘ ਜੀ ਸਤਿਗੁਰੂ ਭਾਣੇ ਅੰਦਰ ਗੁਰ ਪੁਰੀ ਸਿਧਾਰ ਗਏ ਹਨ ਸਤਿਗੁਰੂ ਜੀ ਸੰਗਤਾਂ ਨੂੰ ਧੀਰਜ ਤੇ ਸ਼ਕਤੀ ਬਖਸ਼ਣ। ਆਪ ਨਮਿਤ ੩ ਪਾਠਾਂ ਦੇ ਭੋਗ ਪਾਏ ਗਏ। ਜਥੇਦਾਰ ਧੰਨਾਂ ਸਿੰਘ ਹਰਬੰਸ ਸਿੰਘ ਤੇ ਧਰਮ ਸਿੰਘ ਜੀ ਨੇ ਸਾਰਾ ਦਿਨ ਦੀਵਾਨ ਸਜਾਇਆ। ਭੋਗ ਉਤੇ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਨੇ ਵੀ ਦਰਸ਼ਨ ਦਿਤੇ। ਸੰਤਾਂ ਨੇ ਅੰਗ੍ਰੇਜ਼ ਦੇ ਸਮੇਂ ਜਿਹਲਾਂ ਦੇ ਬੜੇ ਤਸੀਹੇ ਝੱਲੇ ਸਨ ੧।) ਸਤਿਜੁਗ ਨੂੰ ਸਹੈਤਾ ਵਲੋਂ ਮਿਲੇ। ਸਤਿਗੁਰੂ ਜੀ ਪਰਿਵਾਰ ਨੂੰ ਭਾਣਾਂ ਮੰਨਣ ਦਾ ਬਲ ਦੇਣ।

ਖਜ਼ਾਨਚੀ ਪਿਆਰਾ ਸਿੰਘ ਜੀ ਹੇਠਲੀ ਮਾਯਾ ਲੰਗਰ ਨੂੰ ਘਲਦੇ ਹਨ।

੧।) ਵਰਨੀ ਸੰਤ ਗੰਡਾ ਸਿੰਘ ਜੀ

?।) ,, ਕਰਮ ਸਿੰਘ

?।) ਪਾਠ ਸੰਤ ਆਤਮਾ ਸਿੰਘ ਜੀ ਸਹੈਤਾ ਸਤਿਜੁਗ।

?।) ਵਾਰਾ ਸੰਤ ਵੀਰ ਸਿੰਘ ਜੀ

?।) ਅੰਮ੍ਰਿਤ ਸੰਤ ਦਰਬਾਰਾ ਸਿੰਘ ਜੀ

੩) ਲੰਗਰ

੩) ਸਹੈਤਾ ਸਤਿਜੁਗ ਬਹੁਤ ਬਹੁਤ ਧੰਨਵਾਦ

ਸੰਤ ਹਰਨਾਮ ਸਿੰਘ ਕੈਰੋਂਰਾ ਵਲੋਂ ੫) ਰੁਪਏ ਲੰਗਰ ਬਾਬਤ ਪਹੁੰਚ ਗਏ ਹਨ ਖੁਸ਼ੀਆਂ।

ਇੰਦੌਰ— ਸ੍ਰੀ ਗੋਬਿੰਦ ਰਾਮ ਚੁਘ ਜੀ ਨੇ 'ਨਾਨਕ ਦੁਖੀਆਂ ਸਭ ਸੰਸਾਰ' ਕਹਿਕੇ ਸ੍ਰੀ ਆਲਿਮ ਜੀ ਦੀ ਅਚਾਨਕ ਮੌਤ ਦਾ ਬਹੁਤ ਅਫ-ਸੋਸ ਜ਼ਾਹਰ ਕੀਤਾ ਹੈ। ਅਸੀਂ ਚੁਘ ਜੀ ਦੇ ਦੁਖ ਨਾਲ ਦੁਖੀ ਹਾਂ ਪਰ ਭਾਣਾ ਪਰਮੇਸ਼ਰ ਦਾ।

Namdhari Elibrary NamdhariElibrary@gmail.com

ਗਦਰ ਪੁਰ–

ਪੰਡਿਤ ਮਨਸਾ ਸਿੰਘ ਜੀ 'ਕੌਮੀ' ਤੇ ਗਿਆਨੀ ਜਸਵੰਤ ਸਿੰਘ ਜੀ ਦੇ ਉਦਮ ਨਾਲ ਏਥੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਮਨਾਇਆ ਗਿਆ ਤੇ ਅਖੰਡ ਪਾਠ ਦਾ ਭੋਗ ਵੀ ਪਾਇਆ ਗਿਆ। ਪਾਠੀਆਂ ਦੀ ਸੇਵਾ ਸ੍ਰਦਾਰ ਈਸ਼ਰ ਸਿੰਘ ਜੀ ਆਰੇ ਵਾਲਿਆਂ ਕੀਤੀ। ?।) ਲੰਗਰ ਤੇ ?।) ਸਤਿਜੁਗ ਦੇ ਹਿਸੇ ਆਏ ਜੋ ਸ੍ਰਦਾਰ ਈਸ਼ਰ ਸਿੰਘ ਜੀ ਵਲੋਂ ਸਨ। ਧੰਨਵਾਦ

ਬੂਸੋ ਵਾਲ–ਏਥੋਂ ਦੀ ਸੰਗਤ ਨੇ ਮਹੀਨਾ ਨਿਤਨੇਮ ਕੀਤਾ ਤੇ ਸੰਤ ਸੋਹਣ ਸਿੰਘ ਜੀ ਦੇ ਉਦਮ ਨਾਲ ਬਹੁਤ ਸ੍ਰੀਰਾਂ ਭਜਨ ਪੁਛਿਆ। ਤੇ ਕਈਆਂ ਅੰਮ੍ਰਿਤ ਛਕਿਆ। ਬਸੰਤ ਉਤਸ਼ਵ ਬੜੇ ਪਰੇਮ ਨਾਲ ਮਨਾਇਆ। ੨॥) ਸਹੈਤਾ ਸਤਿਜੁਗ ਬੂਸੇ ਵਾਲ ਪਿੰਡ ਵਲੋਂ ਤੇ ?।) ਵਰਨੀ ਦੇ ਸੰਤ ਦਲੀਪ ਸਿੰਘ ਜੀ ਵਲੋਂ ੬।) ਚੰਦਾ ਆਗਿਆ ਹੈ। ਧੰਨਵਾਦ

ਗੋਹਾਟੀ–

ਸ੍ਰ. ਲਾਲ ਸਿੰਘ ਜੀ ਗੋਹਾਟੀ ਨੇ ਅਪਣੀ ਧਰਮ ਪਤਨੀ ਦੀ ਅਰੋਗਤਾ ਲਈ ੧੦੦) ਰੁਪੈ ਦੇ ਗ੍ਰੀਬਾਂ ਵਿਚ ਕੰਬਲ ਵੰਡਣ ਲਈ ਭੇਜੇ ਸੰਤ ਗੰਡਾ ਸਿੰਘ ਜੀ ਹਥੀਂ ਪਹੁੰਚ ਗਏ ਹਨ ਜਿੰਨਾਂ ਦੇ ਕੰਬਲ ਮੰਗਵਾਕੇ ਬਾਬਾ ਜੀ ਛੋਟਿਆਂ ਹਥੀਂ ਵੰਡ ਦਿਤੇ ਗਏ ਹਨ। ਅਤੇ ਗੁਰੂ ਜੀ ਅਗੇ ਅਰਦਾਸ ਕੀਤੀ ਗਈ ਕਿ ਬੀਬੀ ਨੂੰ ਦੇਹ ਅਰੋਗ ਬਖਸ਼ਣ।

ਸ੍ਰ. ਲਾਲ ਸਿੰਘ ਜੀ ਆਪ ਹੇਠ ਲਿਖਿਆ ਨੁਸਖਾ ਵੀ ਜ਼ਰੂਰ ਵਰਤੋ।

ਇਕ ਸੇਰ ਪਾਣੀ ਵਿਚ ਇਕ ਛਟਾਂਕ ਘਿਉ ਉਬਾਲੋ। ਅਧ ਪਾ ਰਹਿਣ ਤੇ ੧੫–੨੦ ਦਿਨ ਬੀਬੀ ਹੁਰਾਂ ਨੂੰ ਕੋਸਾ ਜੇਹਾ ਨਿਰਨੇ ਕਾਲਜੇ ਪਿਆਲੋ ਰੋਜ਼ ਸੁਭਾ ਘਿਉ ਦੇਸੀ ਹੋਵੇ। ਘਿਉ ਜੇ ਵਧ ਪੀ ਸਕਣ ਤਾਂ ਵਧੇਰੇ ਚੰਗਾ ਹੈ, ਹੋਰ ਵਿਚ ਕੁਝ ਨਹੀਂ ਪੌਣਾ।

ਢੰਡਰੀਆਂ–ਸ੍ਰ: ਸੁਚਾ ਸਿੰਘ ਤੇ ਤਾਰਾ ਸਿੰਘ ਜੀ ਨੇ ਅਖੰਡ ਪਾਠ ਕਰਵਾਇਆ ਤੇ ਸੰਤ ਨਿਰੰਜਣ ਸਿੰਘ ਜੀ ਨੇ ਦੀਵਾਨ ਲਾਇਆ ਸੰਤ ਤਾਬਾ ਸਿੰਘ ਜੀ ਨੇ ਨਾਮਧਾਰੀ ਮਰਯਾਦਾ ਨਾਲ ਅਖੰਡ ਪਾਠ ਕੀਤਾ। ਸਾਰਾ ਪਿੰਡ ਵੇਖਕੇ ਬੜਾ ਖੁਸ਼ ਤੇ ਹੈਰਾਨ ਹੋਇਆ। ਸ੍ਰ: ਨਿਰੰਜਣ ਸਿੰਘ ਜੀ ਅਕਾਲੀ ਨੇ ਏਸ ਪ੍ਰਭਾਵ ਹੇਠਾਂ ਆਕੇ ਟਬਰ ਸਮੇਤ ਅੰਮ੍ਰਿਤ ਛਕਿਆ ਸਾਰੇ ਧੰਨ ਧੰਨ ਹੋ ਗਈ। ਦਾਸ ਪ੍ਰੀਤਮ ਸਿੰਘ

ਸ੍ਰ: ਆਤਮਾਂ ਸਿੰਘ ਜੀ ਚੇਲੇਕਿਆਂ ਨੇ ਆਪਣੇ ਸਪੁਤ੍ਰ ਸਮਿੰਦ੍ਰਸਿੰਘ ਦੀ ਸ਼ਾਦੀ ਦੀ ਖੁਸ਼ੀ ਵਿਚ ੨॥) ਸਤਿਜੁਗ ਨੂੰ ਸਹੈਤਾ ਦਿਤੇ ਹਨ। ਗੁਰੂ ਜੀ ਜੋੜੀ ਨੂੰ ਚਿਰੰਜੀਵਤਾ ਬਖਸ਼ਣ।

ਆਤਮਾ ਸਿੰਘ ਜਟ

ਦੁਆਬਾ

ਸਰਾਲੀ ਜ਼ਿਲਾ ਜਲੰਧਰ ਵਿਚ ਸੂਬਾ ਦਸੌਂਧਾ ਸਿੰਘ ਜੀ ਨੇ ਅਖੰਡ ਪਾਠ ਪੂਰਨ ਗੁਰ ਮਰਯਾਦਾ ਅਨੁਸਾਰ ਕੀਤਾ। ਸੰਗਤਾਂ ਨਿਹਾਲ ਹੋ ਗਈਆਂ। ਸੰਗਤਾਂ ਸਾਰੀਤਰਾਂ ਦੀਆਂ ਨੇ ਏਸ ਵਿਚ ਭਾਗ ਲਿਆ। ੧੫-੨੦ ਪ੍ਰਾਣੀ ਅੰਮ੍ਰਿਤ ਛਕਕੇ ਜਹਾਜੇ ਚੜੇ। ਸਾਡਾ ਖਿਆਲ ਹੈ ਕਿ ਜੇ ਏਸ ਇਲਾਕੇ ਵਿਚ ਏਸੇਤਰਾਂ ਦੀਵਾਨ ਲਗਦੇ ਰਹਿਣ ਤਾਂ ਸਾਰਾ ਇਲਾਕਾ ਨਾਮਧਾਰੀ ਹੋ ਜਾਵੇ। ਦੀਵਾਨ ਦੀ ਖੁਸ਼ੀ ਵਿਚ ੨॥) ਲੰਗਰ ਤੇ ੨॥) ਸਤਿਜੁਗ ਨੂੰ ਅਰਦਾਸ ਹੋਏ।

ਦਾਸ ਕਰਤਾਰ ਸਿੰਘ ਗੁਰਾਇਆ

ਮੰਡੀ ਦੀ ਬਸੰਤ

ਮੰਡੀ ਹਿਮਾਚਲ ਪ੍ਰਦੇਸ ਵਲੋਂ ਐਤਕਾਂ ਬਸੰਤ ਪੰਚਮੀ ਬੜੀ ਧੂਮ ਧਾਮ ਨਾਲ ਮਨਾਈ ਗਈ। ਸੰਤ ਤਾਰਾ ਸਿੰਘ ਜੀ ਦੇ ਜਥੇ ਨੇ ਵਾਰ ਲਾਈ। ਡਾ: ਸੁਰਜੀਤ ਸਿੰਘ ਜੀ ਨੇ ਏਸ ਖੁਸ਼ੀ ਵਿਚ ਅਖੰਡ ਪਾਠ ਕਰਵਾਇਆ। ਫੇਰ ਜਲੂਸ ਨਿਕਲਿਆ ਜੋ ਬੜਾ ਹੀ ਅਕਰਸ਼ਕ ਸੀ। ਅਨੇਕਾਂ ਜਥਿਆਂ ਨੇ ਜਲੂਸ ਨੂੰ ਰੌਣਕ ਵਾਲਾ

Namdhari Elibrary NamdhariElibrary@gmail.com

ਬਣਾਇਆ। ਸੰਗਤ ਨੇ ਠੰਢ ਦੀ ਅਸਲੋਂ ਪਰਵਾਹ ਨਹੀਂ ਕੀਤੀ। ਕਵੀ ਦਰਬਾਰ ਵੀ ਹੋਇਆ ਤੇ ਲੈਕਚਰ ਵੀ ਜਿਸ ਨੂੰ ਸੁਣਕੇ ਸ੍ਰੋਤੇ ਧੰਨ ਹੋ ਗਏ। ਸੇਠ ਜੈਮਲ ਸਿੰਘ ਜੀ ਤੇ ਹੋਰ ਅਨੇਕਾਂ ਸੰਗਤਾਂ ਦਾ ਉਦਮ ਸ਼ਲਾਘਾ ਜੋਗ ਸੀ।

ਮੇਲੇ ਦੀ ਖੁਸ਼ੀ ਵਿਚ ੨॥) ਲੰਗਰ ਨੂੰ ਅਰਦਾਸ ਹੋਏ ਤੇ ੧।) ਸਤਿਜੁਗ ਦੀ ਸਹੈਤਾ।

ਸੇਵਾ ਸਿੰਘ ਜਥੇਦਾਰ ਮੰਡੀ

ਬਹੁਤ ਜ਼ਰੂਰੀ-

ਧਿਆਨ ਰਖੋ। ਪੰਥਕ ਡਾਕ ਲੰਮੀ ਨਾਂ ਲਿਖੋ। ਜਿੰਨੇ ਥੋੜੇ ਸ਼ਬਦਾਂ ਵਿਚ ਲਿਖੋਗੇ ਅਸੀਂ ਹਸਕੇ ਪ੍ਰਵਾਨ ਕਰਾਂਗੇ ਤੇ ਉਵੇਂ ਦੇਦਿਆਂਗੇ ਜਿਵੇਂ ਤੁਸੀਂ ਲਿਖੋਗੇ। ਜੇ ਵਧਾਓਗੇ ਤਾਂ ਅਸੀਂ ਓਨਾਂ ਹੀ ਘਟਾਕੇ ਲਿਖਣ ਲਈ ਮਜਬੂਰ ਹੋਵਾਂਗੇ। ਜਿੰਨੀ ਡਾਕ ਤੁਸੀਂ ਲਿਖਦੇ ਹੋ ਜੇ ਸਾਰੀ ਉਸੇਤਰਾਂ ਦੇ ਦੇਵੀਏ ਤਾਂ ਸਤਿਜੁਗ ਵਿਚ ਹੋਰ ਮਜ਼ਮੂਨ ਛਾਪਣ ਦੀ ਹੀ ਲੋੜ ਨਹੀਂ ਰਹਿੰਦੀ ਨਾਲੇ ਤੁਹਾਡੀ ਡਾਕ ਨਾਲ ਜਿੰਨੀ ਤੁਹਾਨੂੰ ਆਪ ਨੂੰ ਦਿਲਚਸਪੀ ਹੈ ਏਨੀ ਦੂਸਰਿਆਂ ਨੂੰ ਨਹੀਂ ਹੋ ਸਕਦੀ।

ਦੂਸਰੀ ਗਲ ਏਹ ਹੈ ਕਿ ਹਿੰਦਸੇ ਪੰਜਾਬੀ ਲਿਖਿਆ ਕਰੋ ਜਿਸ ਲਈ ਸਾਨੂੰ ਦੁਬਾਰਾ ਨਾਂ ਮਿਹਨਤ ਕਰਨੀ ਪਵੇ। ਏਹ ਸਭ ਤੁਹਾਡੇ ਫੈਦੇ ਲਈ ਹੀ ਮੈਂ ਅਰਜ਼ ਕੀਤਾ ਹੈ। ਉਮੇਦ ਹੈ ਕਿ ਬੇਨਤੀ ਮਨਜ਼ੂਰ ਕਰੋਗੇ।

ਤੁਹਾਡਾ ਆਪਣਾ ਰਾਜਿੰਦਰ ਸਿੰਘ

ਅਨੰਦ ਕਾਰਜ

ਸੰਤ ਆਤਮਾ ਸਿੰਘ ਜੀ ਪੰਨਵਾਂ ਦਾ ਲੜਕਾ ਹਰਦੇਵ ਸਿੰਘ ਤੇ ਲੜਕੀ ਸੰਤ ਸੋਹਣ ਸਿੰਘ ਭਧੌੜ ਜਸਵੰਤ ਕੌਰ ਦਾ ਅਨੰਦ ਕਾਰਜ ੨੫ ਮਾਘ ੨੦੧੩ ਨੂੰ ਸ੍ਰੀ ਜੀਵਨ ਨਗਰ ਵਿਖੇ ਹੋਇਆ! ਇਸ ਖੁਸ਼ੀ ਵਿਚ ੨॥) ਸਹੈਤਾ ਸਤਿਜੁਗ ਨੂੰ ਦੇਂਦੇ ਹਨ।

ਬਸੰਤ

ਨਾਮਧਾਰੀ ਸੰਗਤ ਪਾਨੀਪਤ ਵਲੋਂ ਨਾਮਧਾਰੀ ਆਰਾ ਜੀ ਟੀ ਰੋਡ ਸੰਤ ਵੀਰ ਸਿੰਘ ਜੀ ਸੰਤ ਸੁੰਦਰ ਸਿੰਘ ਸੰਤ ਵਰਿਆਮ ਸਿੰਘ ਜੀ ਸੰਤ ਲਾਭ ਸਿੰਘ ਜੀ ਦੇ ਉਦਮ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪਵਿਤਰ ਆਗਮਨ (ਬਸੰਤ ਪੰਚਮੀ) ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਦੀ ਖੁਸ਼ੀ ਵਿਚ ਸਤਿਜੁਗ ਨੂੰ ੨॥) ਲੰਗਰ ੨॥) ਭੇਟਾ ਭੇਜ ਰਹੇ ਹਾਂ।

ਦਾਸ ਇੰਦਰ ਸਿੰਘ (ਜਥੇਦਾਰ)
ਪਾਨੀਪਤ

ਸ਼ਿਮਲਾ ੧੭ ਜਨਵਰੀ- ਸ਼ਿਮਲੇ ਦੀ ਸਾਧ ਸੰਗਤ ਨੇ ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਮਨਾਉਣ ਲਈ ਕੋਠੀ ਵਿੰਗਾਸਕ ਵਿਖੇ ਦਰਸ਼ਨ ਦਿਤੇ। ਬਰਫ ਬੜੀ ਪਈ ਹੋਈ ਸੀ, ਫੇਰ ਵੀ ਸੰਗਤਾਂ ਦਾ ਉਤਸ਼ਾਹ ਮਹਾਨ ਸੀ। ਦਾਸ ਨੇ ਸ਼ਹੀਦਾਂ ਦੇ ਇਤਿਹਾਸ ਤੇ ਚਾਨਣਾ ਪਾਇਆ। ਸਤਿਜੁਗ ਲਈ ਰੁਪੈ ੨) ਅਰਦਾਸ ਹੋਏ।

ਦਾਸ- ਤੀਰਥ ਸਿੰਘ

ਸੰਤ ਪ੍ਰੇਮ ਸਿੰਘ ਜੀ ਦਾ ਚਲਾਣਾ

ਏਹ ਖਬਰ ਬੜੇ ਦੁਖ ਨਾਲ ਸੁਣੀ ਜਾਵੇਗੀ। ਕਿ ਦਿਲੀ ਵਿਚ ਸੰਤ ਪਰੇਮ ਸਿੰਘ ਜੀ ਮਸਤਾਨਾ ਕੰਗਣ ਪੁਰੀਆ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੇ ਨਮਿਤ ਸੰਤ ਸੋਹਣ ਸਿੰਘ ਜੀ ਸਰਸੇ ਵਾਲਿਆਂ ਨੇ ਸਾਧਰਨ ਪਾਠ ਦਾ ਭੋਗ ਪਵਾਇਆ। [ਕਰਮ ਸਿੰਘ

Namdhari Elibrary NamdhariElibrary@gmail.com

ਨਾਮਧਾਰੀ ਸੰਗਤ ਨੈਰੋਬੀ

੬–੧੧–੫੬ ਬੁਧਵਾਰ ਬੀਬੀ ਹਰਜਿੰਦ ਕੌਰ ਸੁਪਤੱਨੀ ਸਵਰਗ ਵਾਸੀ ਸ੍ਰ. ਹਰਨਾਮ ਸਿੰਘ ਅਤੇ ਪ੍ਰੀਵਾਰ ਨੇ ਮਿਲ ਕਰ ਸੰਤ ਹਰਨਾਮ ਸਿੰਘ ਦੀ ਆਤਮ ਸ਼ਾਂਨਤੀ ਨਮਿਤ ਸਪਤਾਹਕ ਪਾਠ ਦਾ ਭੋਗ (ਆਪਣੇਘਰ) ਪਾਰਕ ਲੈਂਡ ਪੁਵਾਇਆ ਪਾਠੀਆਂਨੂੰ ਮਾਇਆ ਬਸਤ੍ਰ ਆਦਿਕ ਯਥਾ ਯੋਗ ਭੇਟਾ ਕੀਤੇ, ਅਤੇ ਸੱਚੇ ਪਾਤਸਾਹ ਜੀ ਦੀ ਚਰਨ ਭੇਟਾ ਸ੍ਰੀਭੈਣੀ ਸਾਹਿਬ ਨੂੰ ੧੦ ਸ਼ਲਿੰਗ ਭੇਟਾ ਕੀਤੇ। ਸੱਤਿ ਦਿਨ ਯਥਾ ਸ਼ਕਤ ਲੰਗਰ ਚਲਦਾ ਰਿਹਾ। ਭੋਗ ਵਾਲੇ ਦਿਨ ਸ੍ਰੀ ਸੂਬਾ ਲਾਲ ਸਿੰਘ ਜੀ ਨੂੰ ਸਿਰੋ ਪਾਉ ਭੇਟਾ ਕੀਤਾ ਗਿਆ।

(੨) ਸ੍ਰ. ਪ੍ਰਮਾਤਮਾ ਸਿੰਘ (ਇਲੈਕਟ-ਰੀਸ਼ਨ) ਜੀ ਦੇ ਘਰ ਨਗਾਰਾ ਵਿਖੇ ੨੭.੧੨ ੫੬ ਨੂੰ ਅਖੰਡ ਪਾਠ ਦਾ ਭੋਗ ਪੁਵਾਇਆ ਇਸਦਾ ਸਾਰਾ ਪ੍ਰਬੰਧ ਈ ਏ ਨਾਮਧਾਰੀ ਸੰਗਤ ਵਲੋਂ ਸੀ ਭੋਗ ਵਾਲੇ ਦਿੱਨ, ਦਾਸ ਨੇ ਕੀਰਤਨ ਨਾਲ ਸ਼ਬਦ ਦੀ ਕਥਾ ਸੁਣਾਈ ਅਤੇ ਲੰਗਰ ਤਿੰਨੇ ਦਿਨ ਅਤੁਟ ਵਰਤਿਆ। ਸ਼੍ਰ. ਪ੍ਰਮਾਤਮਾ ਸਿੰਘ ਜੀ ਵਲੋਂ ੨,੨੩੭ ਸ਼ਲਿੰਗ ਧਰਮ ਸਥਾਨਾਂ ਨੂੰ ਦਾਨ ਹੋਏ। ਸ੍ਰੀ ਭੈਣੀ ਸਾਹਿਬ ੧੦੧ ਸ਼ਲਿੰਗ ਸਤਿਜੁਗ ੧੦, ਨਾਮਧਾਰੀ ਸੰਗਤ ੫੧ ਨਾਮਧਾਰੀ ਇਸਤ੍ਰੀ ਸਭਾ ਨੂੰ ੨੭੦ ਪਾਠੀਆਂ ਅਤੇ ਧੂਪੀਆਂ ਨੂੰ ੨੬੫।

(੩) ਗੁਰੂ ਨਾਨਕਦੇਵ ਜੀ ਦੇ ਪ੍ਰਕਾਸ ਤੇ ਸ੍ਰ. ਵਾਸਦੇਵ ਸਿੰਘ ਜੀ ਕੂਕਾ ਨੇ ਸਧਾਰਣ ਪਾਠ ਦਾ ਭੋਗ ਪਵਾਇਆ ਸਤਿਜੁਗ ਨੂੰਸਹੈਤਾ ੫ ਸ਼ਲਿੰਗ।

(੪) ਸ੍ਰ. ਸੁਵਰਨ ਸਿੰਘ ਜੀ ਬਮਰਾਹ ਨੇ ਸੁਪੁੱਤ੍ਰ ਹੋਣ ਦੀ ਖੁਸ਼ੀ ਵਿਚ ਸਧਾਰਣ ਪਾਠ ਦਾ ਭੋਗ ਪਵਾਇਆ ਸਤਿਜੁਗ ਨੂੰ ਸਹੈਤਾ ੧੦ ਅਤੇ ਸਤਿਗੁਰੂ ਦੀ ਚਰਨ ਭੇਟਾ ੧੦ ਕੀਤੇ।

(੫) ਸ੍ਰ. ਕਿਸ਼ਨ ਸਿੰਘ ਨੇ ਕਾਕੇ ਦੀ ਖੁਸ਼ੀ ਵਿਚ ਸ੍ਰੀ ਭੈਣੀ ਸਾਹਿਬਨੂੰ ੧੫ ਸ਼ਲਿੰਗ ਦਿਤੇ।

(੬) ਸੰਤ ਹਰਨਾਮ ਸਿੰਘ ਜੀ ਨੂਰਪੁਰੀ ਦੇ ਘਰ ਪਾਰਕ ਲੈਂਡ ਮਨੋ ਕਾਮਨਾ ਹਿਤ ਬਰਨੀ ਹੋਈ ਕੀਤੇ ਦਾਨ ਵਿਚੋਂ ਨਾਮਧਾਰੀ ਸੰਗਤ ੧੦ ਸਤਿਗੁਰਾਂ ਦੀ ਚਰਨ ਭੇਟਾ ੫੧ ਲੰਗਰ ਭੇਟਾ ੧੦ ਸਤਿਜੁਗ ੧੦ ਸਤਿਗੁਰੂ ਕਾਮਨਾ ਪੂਰਣ ਕਰਣ

(੭) ਸੰਤ ਰਘਬੀਰ ਸਿੰਘ ਦੇ ਘਰ ਪਾਰਕਲੈਂਡ ਬਰਨੀ ਹੋਈ। ਬਰਨੀ ਭੇਟਾ ੨੧ ਸਤਿਜੁਗ ੫ ਲੰਗਰ ੭ਆਲਿਮ ਫੰਡ ੧੦੫ ਭੇਟਾ ਹੋਏ।

(੮) ਬਾਬੂ ਮੇਹਰ ਬਾਨ ਸਿੰਘ ਜੀ ਦੇ ਸਪੁਤ੍ਰਰ ਦੀ ਸ਼ਾਦੀ ਨਾਮਧਾਰੀ ਮਰਯਾਦਾ ਅਨੁਸਾਰ ਹੋਈ। (ਨੈਰੋਬੀ ਵਿਖੇ) ਇਸ ਖੁਸ਼ੀ ਵਿੱਚ ਸ੍ਰੀ ਭੈਣੀ ਸਾਹਿਬ ਨੂੰ ਸਾਢੇ ਸਤ ਸ਼ਲਿੰਗ ਭੇਜੇ।

(੯) ਸ੍ਰ. ਹਰਨਾਮ ਸਿੰਘ ਜੀ ਰੇਲਵੇ ਨੇ ਆਪਣੇ ਸਪੁਤਰ ਦੇ ਅਨੰਦ ਦੀ ਖੁਸ਼ੀ ਵਿਚ ਸ੍ਰੀ ਨਾਮਧਾਰੀ ਸੰਗਤ ਤੋਂ ਸ੍ਰੀ ਅਖੰਡ ਪਾਠ ਦਾ ਭੋਗ ਪੁਵਾਇਆ ਇਸ ਖੁਸ਼ੀ ਵਿਚ ਸਤਿਗੁਰਾਂ ਦੀ ਚਰਨ ਭੇਟਾ ੧੧ ਲੰਗਰ ਭੈਣੀ ਸਾਹਿਬ ੨੫ ਸਤਿਜੁਗ ੧੦ ਭੇਟਾ ਕੀਤੇ। ਆਲਿਮ ਫੰਡ ੨੫।

ਆਹ ! ਸੰਤ ਗਿਆਨ ਸਿੰਘ ਜੀ

ਏਹ ਖਬਰ ਨਾਮਧਾਰੀ ਪੰਥ ਵਿਚ ਬੜੇ ਦੁਖ ਨਾਲ ਸੁਣੀ ਜਾਵੇਗੀ ਕਿ ਸ੍ਰੀਮਾਨ ਸੰਤ ਗਿਆਨ ਸਿੰਘ ਜੀ 'ਸਾਜਨ ਮੈਂਡੇ ਰੰਗਲੇ ਜਾਇ ਸੁਤੇ ਜੀਰਾਣ' ਦੇ ਮਹਾਂ ਵਾਕ ਅਨੁਸਾਰ ਇਸ ਸੰਸਾਰ ਦੀ ਯਾਤ੍ਰਾ ਸਫਲ ਕਰਕੇ ੧੫ ਫਗਣ ੨੦੧੩ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਲੋਕ ਗਮਨ ਕਰ ਗਏ ਹਨ।

ਅਸੀਂ ਸਤਿਗੁਰੂ ਸਚੇ ਪਾਤਸ਼ਾਹ ਦੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਸੰਤਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਤੇ ਪਿਛੇ ਸਾਧ ਸੰਗਤ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

Namdhari Elibrary NamdhariElibrary@gmail.com

ਈਸਟ ਅਫਰੀਕਾ ਨਾਮਧਾਰੀ ਸੰਗਤ

ਸੇਵਕ ਛੁਮਣ ਸਿੰਘ 'ਕੰਵਲ'

੯–੧੨–੫੬ ਨੂੰ ਸ੍ਰ. ਹਰਨਾਮ ਸਿੰਘ ਜੀ ਭਗਤਾ ਸੰਤ ਸੂਰਤ ਸਿੰਘ ਜੀ ਰੇਲਵੇ ਦੇ ਸਪੁਤ੍ਰ ਕਾਕਾ ਗੁਰਚਰਨ ਸਿੰਘ ਦਾ ਬਿਵਾਹ ਬੀ: ਜਸਵੰਤ ਕੋਰ ਸਪੁਤ੍ਰੀ ਸੁਰਗਵਾਸੀ ਸ੍ਰ. ਭੋਲਾ ਸਿੰਘ ਜੀ ਨਕੋਰੋ ਨਾਲ ਪੂਰਨ ਨਾਮਧਾਰੀ ਗੁਰਮੱਤ ਮ੍ਰਯ ਦਾ ਅਨੁਸਾਰ ਹੋਇਆ। ਅਨੰਦ ਕਾਰਜ ਦੀ ਰਸਮ ਸ੍ਰੀ ਕੰਵਲ ਜੀ ਨੇ ਅਦਾ ਕੀਤੀ। ਵਿਧੀ ਪੂਰਬਕ ਹਵਨ ਕੀਤਾ ਗਿਆ। ਕੀਰਤਨ ਸੰਤ ਰਾਗੀ ਹਰ-ਨਾਮ ਸਿੰਘ ਜੀ ਨੂਰ ਪੁਰੀ ਨੇ ਜਥੇ ਸਮੇਤ ਕੀਤਾ। ਪ੍ਰਚਾਰ ਵਿਚ ਕਾਫੀ ਰੋਸ਼ਨੀ ਪਾਈ ਗਈ। ਇਸ ਮੌਕੇ ਸਧਾਰਣ ਪਾਠਾਂ ਦੇ ਭੋਗ ਪਾਏ ਗਏ, ਇਕ ਬੀਬੀ ਜੀ ਵਲੋਂ ਤੇ ਇਕ ਕਾਕਾ ਜੀ ਵਲੋਂ ਜੇਹੜੇ ਇਹਨਾਂ ਵਲੋਂ ਖੁਦ ਕੀਤੇ ਗਏ ਸੀ।

ਇਸ ਖੁਸ਼ੀ ਵਿਚ ਸ੍ਰ: ਹਰਨਾਮ ਸਿੰਘ ਜੀ ਵਲੋਂ ਧਰਮ ਕਾਰਜਾ ਨੂੰ ੧੨੨ ਸ਼ਲਿੰਗ ਦਾਨ ਹੋਏ ਜਿਸ ਵਿਚੋਂ ਸ੍ਰੀ ਭੈਣੀ ਸਾਹਿਬ ਲੰਗਰ ੨੦– ਸ਼ਲਿੰਗ, ਸਤਿਜੁਗ ?੦ ਸ਼ਲਿੰਗ ਅਤੇ ਸ੍ਰੀ ਜੀਵਨ ਨਗਰ ਹਿਸੇ ਆਏ ??।
੫,ਸਿਖ ਗਰਲ ਸਕੂਲ ਨਕੋਰੋ ਤੇ ਸਿਖ ਟੈਂਪਲ ਨਕੋਰੋ ੨੦ ਨਾਮਧਾਰੀ ਸੰਗਤ ਨੈਰੋਬੀ ੫?।

੩੦–?੨ ੫੬ ਸ੍ਰ: ਲਛਮਣ ਸਿੰਘ ਜੀ (ਭਾਣਜਾ–ਸੂਬਾ ਲਾਲ ਸਿੰਘ ਜੀ) ਦੀ ਸਪੁਤ੍ਰੀ ਬੀਬੀ ਹਰਬੰਸ ਕੋਰ ਦਾ ਬਿਵਾਹ ਸਪੁਤਰ ਸ੍ਰ: ਰਤਨ ਸਿੰਘ ਜੀ ਨਾਲ ਨਾਮਧਾਰੀ ਗੁਰਮਤ ਮ੍ਰਯਾਦਾ ਨਾਲ ਹੋਇਆ ਕੀਰਤਨ ਨਾਮਧਾਰੀ ਜਥੇ ਹਰਨਾਮ ਸਿੰਘ ਜੀ ਜਥੇਦਾਰ ਦੇ ਜਥੇ ਨੇ ਕੀਤਾ। ਲਾਵਾਂ ਦਾ ਪਾਠ ਸ੍ਰ ਜਗਿੰਦਰ ਸਿੰਘ ਜੀ ਨੇ ਕੀਤਾ।

ਭਾਵੇਂ ਏਹੁ ਅਨੰਦ ਨੈਰੋਬੀ ਵਿਚ ਨਵਾਂ ਨਹੀਂ ਸੀ ਫਿਰਵੀ ਨੈਰੋਬੀ ਅਤੇ ਕੰਪਾਲੇ, ਟਾਗਾਂ ਨੀਕਾ ਤੋਂ ਭਾਰੀ ਗਿਣਤੀ ਵਿਚ ਸੱਜਣ ਆਏ ਹੋਏ ਸਨ। ਕਈ ਸਿਰਫ ਨਾਮਧਾਰੀ ਮਰਜਾਦਾ ਹੀ ਦੇਖਣ ਦੇ ਬਹਾਨੇ ਇਕਠੇ ਹੋ ਗਏ ਸਨ ਅਜ ਤਕ ਏਨਾਂ ਇਕਠ ਸਾਰੀਆਂ ਸਭਾਵਾਂ ਵਲੋਂ ਸਣੇ ਸਿੰਘ ਸਭਾ ਕਿਤੇ ਨਹੀ ਦੇਖਿਆ ਗਿਆ। ਇਸ ਅਵਸਰ ਤੇ ਵਕਤ ਨੂੰ ਮੁਖ ਰਖਕੇ ਸੇਵਕ ਨੇਸੰਖੇਪ ਮਰਯਾਦਾ ਗੁਰਮਤ ਅਨੁਸਾਰ ਦਸੀ। ਲੋਗਾਂ ਦੀ ਸ਼ੰਕਾ ਦੂਰ ਕਰਨ ਲਈ ਹਵਨ ਦੀਆਂ ਬਾਣੀਆਂ ਦਾ ਨਿਰਣਯ ਕੀਤਾ ਅਤੇ ਹਵਨ ਦੀ ਵਿਧੀ ਅਤੇ ਹਵਨ ਕਿਓ ਕਰਨਾ ਚਾਹੀਦਾ ਹੈ, ਅਨੰਦ ਸਮੇਂ ਚਿਟੇ (ਸੁਫੈਦ) ਬਸਤਰ ਪੌਣੇ ਚਾਹੀਦੇ ਹਨ ਇਹ ਸੰਸਾ ਨਵਿਰਤ ਕੀਤਾ।

ਏਸ ਅਨੰਦ ਕਾਰਜ ਦੀ ਖੁਸ਼ੀ ਵਿਚ ਸ੍ਰ. ਲਛਮਣ ਸਿੰਘ ਜੀ ਵਲੋਂ ਅਖੰਡ ਪਾਠ ਕਰਵਾ– ਇਆ ਗਿਆ ਅਤੇ ਧਰਮ ਸਥਾਨਾਂ ਨੂੰ ?੫੨ ਸ਼ਲਿੰਗ ਦਾਨ ਕੀਤੇ ਵਿਚੋਂ ਸ੍ਰੀ ਭੈਣੀ ਸਾਹਿਬ ੨? ਨਾਮਧਾਰੀ ਸੰਗਤ ੨? ਸਤਿਜੁਗ ?੦ ਰਾਗੀ ਜਥਾ ੨੫ ਹੋਰ ਸਾਰੇ ਗੁਰਦੁਆਰਿਆਂ ਨੂੰ ਯਥਾ ਸਕਤ ਭੇਟਾ ਹੋਏ।

ਸੂਚਨਾ

ਈਸਟ ਅਫਰੀਕਨ ਨਾਮਧਾਰੀ ਸੰਗਤ (ਨੈਰੋਬੀ ਅਫਰੀਕਾ) ਦਾ ਆਪਣਾ ਪੋਸਟ ਬਕਸ ਮਿਲ ਗਿਆ ਹੈ। ਚਿਠੀ ਪਤਰ ਕਰਨ ਵਾਲੇ ਸਜਣ ਹੇਠ ਲਿਖੇ ਬੋਕਸ ਨੰਃ ਤੇ ਚਿੱਠੀ ਪਤ੍ਰ ਲਿਖਿਆ ਕਰਨ। ਈ: ਏ: ਨਾਮਧਾਰੀ ਸੰਗਤ ਪੀ: ਓ. ਬੋਕਸ ਨੰਃ ੧੧,੩੦੯ ਨੈਰੋਬੀ ਈਸਟ ਅਫਰੀਕਾ

ਸਕੱਤਰ ਛੁਮਣ ਸਿੰਘ ਕੰਵਲ

Namdhari Elibrary NamdhariElibrary@gmail.com

ਚਕ੍ਰਵਰਤੀ ਜੀ ਵਲੋਂ ਖਿਮਾਂ ਯਾਚਨਾਂ

ਠਾਕਰ ਦੇਸ ਰਾਜ ਜੀ ਨੇ ਹਿੰਦੀ ਵਿਚ "ਸਿਖ ਇਤਿਹਾਸ" ਲਿਖਿਆ ਹੈ ਓਸ ਵਿਚ ਨਾਮਧਾਰੀ ਇਤਿਹਾਸ ਨੂੰ ਠਾਕਰ ਸਾਹਿਬ ਨੇ ਬਹੁਤ ਗਲਤ ਬਿਆਨ ਕੀਤਾ ਹੈ। ਇਸੇ "ਸਿਖ ਇਤਿਹਾਸ" ਦੀ ਪ੍ਰਸਤਾਵਨਾਂ ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ਨੇ ਲਿਖੀ ਜਿਸ ਵਿਚ ਓਨਾਂ ਨੇ ਠਾਕਰ ਸਾਹਿਬ ਦੀ ਨਾਮਧਾਰੀ ਇਤਿਹਾਸ ਬਾਬਤ ਗਲਤ ਬਿਆਨੀ ਦਾ ਜ਼ਿਕਰ ਨਹੀਂ ਸੀ ਕੀਤਾ।

ਸਾਨੂੰ ਇਸ ਗਲ ਦੀ ਨਿਹਾਇਤ ਖੁਸ਼ੀ ਹੈ ਕਿ ਚਕ੍ਰਵਰਤੀ ਜੀ ਨੇ ਹੁਣ ਨਾਮਧਾਰੀ ਪੰਥ ਪਾਸੋਂ ਇਸ ਗਲਤੀ ਦੀ ਖਿਮਾਂ ਮੰਗ ਲਈ ਹੈ, ਜੋ ਹੇਠਾਂ ਦਿਤੀ ਜਾਂਦੀ ਹੈਃ–

ਹਿੰਦੀ ਦਾ "ਸਿਖ ਇਤਿਹਾਸ" ਜੋ ਠਾਕਰ ਦੇਸ ਰਾਜ ਜੀ ਨੇ ਲਿਖਿਆ ਹੈ ਉਸ ਵਿਚ ਉਨਾਂ (ਠਾਕਰ ਦੇਸਰਾਜ) ਨੇ ਨਾਮਧਾਰੀ ਇਤਿਹਾਸ ਨੂੰ ਵਿਗਾੜਕੇ ਬਿਆਨ ਕੀਤਾ ਹੈ, ਜਿਸ ਨਾਲ ਹਿੰਦੂ ਸਿਖ ਮਿਲਾਪ ਨੂੰ ਵੀ ਠੇਸ ਪਹੁੰਚਦੀ ਹੈ ਤੇ ਨਾਮਧਾਰੀ ਇਤਿਹਾਸ ਦੀ ਅਸਲੀਅਤ ਲੁਕ ਜਾਂਦੀ ਹੈ, ਇਸਤੇ ਨਾਮਧਾਰੀ ਪੰਥ ਨੇ ਰੋਸ ਪ੍ਰਗਟ ਕੀਤਾ ਹੈ।

ਨਾਮਧਾਰੀ ਪੰਥ ਹਿੰਦੂ-ਸਿਖ ਏਕਤਾ ਦਾ ਸਦਾ ਹਾਮੀ ਰਿਹਾ ਹੈ ਇਸ ਸਬੰਧ ਵਿਚ ਸ੍ਰੀ ਭੈਣੀ ਸਾਹਿਬ ਇਕ ਹਿੰਦੂ-ਸਿਖ ਮਿਲਾਪ ਕਾਨਫ੍ਰੰਸ ਵੀ ਕੀਤੀ ਗਈ ਸੀ। ਮੈਂ ਇਸ ਹਿੰਦੀ ਦੇ "ਸਿਖ ਇਤਿਹਾਸ ਦੀ ਪ੍ਰਸਤਾਵਨਾ ਲਿਖੀ ਸੀ। ਮੈਂ ਨਾਮਧਾਰੀ ਪੰਥ ਪਾਸੋਂ ਖਿਮਾਂ ਮੰਗਦਾ ਹਾਂ ਜੋ ਪ੍ਰਸਤਾਵਨਾਂ ਵਿਚ ਏਹ ਨਹੀਂ ਲਿਖ ਸਕਿਆ ਕਿ ਨਾਮਧਾਰੀ ਇਤਿਹਾਸ ਨੂੰ ਲੇਖਕ (ਠਾਕਰ ਦੇਸਰਾਜ) ਨੇ ਗਲਤ ਬਿਆਨ ਕੀਤਾ ਹੈ।

(ਸਹੀ) ਇੰਦ੍ਰ ਸਿੰਘ ਚਕ੍ਰਵਰਤੀ

ਅਫਰੀਕਾ ਨਿਵਾਸੀ ਸਜਣ

ਅਗੇ ਇਕ ਦੋ ਵਾਰੀ ਚਿਠੀਆਂ ਰਾਹੀਂ ਤੇ ਅਖਬਾਰ ਰਾਹੀਂ ਬੇਨਤੀ ਕੀਤੀ ਗਈ ਹੈ ਪੋਸਟਲ ਆਰਡਰ ਕ੍ਰਾਸ ਕਰਕੇ ਨਾਂ ਭੇਜੇ ਜਾਣ, ਪਰ ਫਿਰ ਵੀ ਕਈਆਂ ਸਜਣਾਂ ਨੂੰ ਸ਼ਾਇਦ ਨਹੀਂ ਪਤਾ ਲਗਾ। ਅਜੇ ਵੀ ਪੋਸਟਲ ਆਰਡਰ ਕ੍ਰਾਸ ਕਰਕੇ ਭੇਜ ਦਿੰਦੇ ਹਨ ਜਿੰਨਾਂ ਦੀ ਰਕਮ ਲੈਣ ਵਿਚ ਬੜੀ ਦਿਕਤ ਪੇਸ਼ ਔਂਦੀ ਹੈ। ਓਨਾਂ ਦੀ ਸੇਵਾ ਵਿਚ ਇਨਾਂ ਸਤਰਾਂ ਰਾਹੀਂ ਫਿਰ ਬੇਨਤੀ ਕੀਤੀ ਜਾਂਦੀ ਹੈ ਕਿ ਕਿਰਪਾ ਕਰਕੇ ਅਗੇ ਤੋਂ ਪੋਸਟਲ ਆਰਡਰ ਕ੍ਰਾਸ ਕਰਕੇ ਨਾਂ ਭੇਜਣ।

ਦਾਸ– ਮੈਨੇਜਰ 'ਸਤਿਜੁਗ' ਸ੍ਰੀ ਜੀਵਨ ਨਗਰ

Namdhari Elibrary NamdhariElibrary@gmail.com

ਇਨਾਂ ਨੂੰ ਸਫਲ ਕਰੋ

ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸਮੂਹ ਨਾਮਧਾਰੀ ਸਾਧ ਸੰਗਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਉਮੀਦਵਾਰਾਂ ਨੂੰ ਆਪਣੀਆਂ ਤੇ ਆਪਣੇ ਰਸੂਖ ਵਾਲੇ ਸਜਣਾਂ ਦੀਆਂ ਵੋਟਾਂ ਪੁਆਕੇ ਇਨਾਂ ਨੂੰ ਸਫਲ ਕਰਨ ਦਾ ਪੂਰਾ ਪੂਰਾ ਜਤਨ ਕਰੋ।

ਲੋਕ ਸਭਾ (ਦਿਲੀ)

ਨਾਂਮ ਉਮੀਦਵਾਰ	ਹਲਕਾ
ਪੰ: ਠਾਕਰਦਾਸ ਜੀ ਭਾਰਗਵ	ਸਰਸਾ-ਫਤਿਆਬਾਦ
ਸ੍ਰ. ਅਜੀਤ ਸਿੰਘ ਜੀ ਸਰਹੱਦੀ	ਲੁਧਿਹਾਣਾਂ
ਸ੍ਰ. ਸੁਰਜੀਤ ਸਿੰਘ ਜੀ ਮਜੀਠਾ	ਤਰਨ ਤਾਰਨ

ਪੰਜਾਬ ਵਿਧਾਨ ਸਭਾ

ਸ੍ਰ. ਵਜੀਰ ਸਿੰਘ ਵਕੀਲ	ਰਾਇਕੋਟ
ਭਾਗ ਸਿੰਘ (ਰੀਜ਼ਰਵ)	,,
ਪੰ: ਹਰਭਗਵਨ ਮੋਦਗਿਲ	ਲੁਧਿਹਾਣਾਂ (ਉਤਰੀ)
ਸ੍ਰ. ਅਜਮੇਰ ਸਿੰਘ	ਸਮਰਾਲਾ
ਜਗੀਰ ਸਿੰਘ (ਰੀਜ਼ਰਵ)	,,
ਸ੍ਰ. ਕਰਤਾਰ ਸਿੰਘ ਦੀਵਾਨਾ	ਬਰਨਾਲਾ
ਸ੍ਰ. ਜਗਿੰਦਰ ਸਿੰਘ	ਤਪਾ
ਸ੍ਰ. ਨਿਰੰਜਣ ਸਿੰਘ "ਤਾਲਬ"	ਚੰਡੀਗੜ
ਸ੍ਰ. ਸਰਮੁਖ ਸਿੰਘ	ਰੋਪੜ
ਸ੍ਰੀ ਅਬਦੁਲ ਗੁਫਾਰ ਖਾਨ	ਅੰਬਾਲਾ
ਸ੍ਰ. ਪ੍ਰੇਮ ਸਿੰਘ ਪ੍ਰੇਮ	ਰਾਜਪੁਰਾ
ਸ੍ਰ. ਪ੍ਰਕਾਸ਼ ਸਿੰਘ	ਮਲੋਟ-ਦਭਵਾਲੀ
ਵੈਦ ਰਾਮ ਦਿਆਲ ਜੀ	ਸਰਸਾ
ਸ੍ਰ. ਗੁਰਮੀਤ ਸਿੰਘ	ਬਾਘਾ ਪੁਰਾਣਾਂ
ਸ੍ਰ. ਸ਼ਸ਼ਪਾਲ ਸਿੰਘ	ਅਜਨਾਲਾ
ਪ੍ਰਕਾਸ਼ ਕੌਰ	ਮਜੀਠਾ
ਸ੍ਰ. ਗੁਰਦਿਆਲ ਸਿੰਘ ਢਿਲੋਂ	ਤਰਨ ਤਾਰਨ
....................ਹੁਤਿਆਰਾ	ਖਾਲੜਾ
ਰਾਜਾ ਸੁਰੇਂਦ੍ਰ ਸਿੰਘ ਜੀ ਨਾਲਾ ਗੜ	ਪਟਿਆਲਾ ਸ਼ਹਿਰ
ਗਿਆਨੀ ਕਰਤਾਰ ਸਿੰਘ ਜੀ	ਦਸੂਹਾ-ਟਾਂਡਾ

ਇਸਤੋਂ ਇਲਾਵਾ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜਿਸ ਜਿਸ ਉਮੀਦਵਾਰ ਲਈ ਨਾਮਧਾਰੀ ਸੰਗਤ ਨੂੰ ਵੋਟਾਂ ਪੌਣ ਦਾ ਹੁਕਮ ਹੋਇਆ ਹੈ ਓਨਾਂ ਦੇ ਇਲਾਕਿਆਂ ਦੇ ਸੂਬਿਆਂ ਦੇ ਨਾਮ ਆਦੇਸ਼ ਜਾਰੀ ਕੀਤੇ ਗਏ ਹਨ। ਹੋਰ ਜਿਨਾਂ ਵਾਸਤੇ ਹੁਕਮ ਹੋਵੇਗਾ ਓਨਾਂ ਲਈ ਓਸ ਇਲਾਕੇ ਦੇ ਸੂਬੇ ਨੂੰ ਲਿਖ ਭੇਜਿਆ ਜਾਵੇਗਾ।

Namdhari Elibrary NamdhariElibrary@gmail.com

ਹੋਲਾ–ਮਹਲਾ

ਐਤਕਾਂ ਹੋਲਾ ਮਹਲਾ ਸ੍ਰੀ ਭੈਣੀ ਸਾਹਿਬ ਹੋ ਰਿਹਾ ਹੈ ਜਿਸ ਦਾ ਖਰਚ ਸੇਠ ਪਰੀਵਾਰ ਸ੍ਰੀ ਫੂਲਾ ਸਿੰਘ ਜੀ ਦੇ ਸਪੁਤ੍ਰ ਸੇਠ ਗੁਰਬਖਸ਼ ਸਿੰਘ ਸੁਦਰਸ਼ਨ ਸਿੰਘ ਨੇ ਕਰਨਾ ਮਨਜ਼ੂਰ ਕੀਤਾ ਹੈ। ਐਤਕਾਂ ਦਾ ਹੋਲਾ ਨਿਰਾਲੀ ਸ਼ਾਨ ਨਾਲ ਹੋਵੇਗਾ। ਸ੍ਰੀ ਭੈਣੀ ਸਾਹਿਬ ਸਵਾ ਲਖ ਚੰਡੀ ਦੀ ਵਾਰ ਦੇ ਪਾਠ ਹੋ ਰਹੇ ਹੈਨ ਹਵਨ ਧੂਪ ਦੀਪ ਸਹਿਤ। ਪਿਛਲੇ ਮਹੀਨੇ ਦੀ ਜਨਵਰੀ ੧੯ ਤਾਰੀਖ ਤੋਂ ਪ੍ਰਯੋਗ ਚਾਲੂ ਹੈ ਤੇ ਏਸ ਵੇਲੇ ਤਕ ੫–੫ ਆਦਮੀਆਂ ਦੀਆਂ ਪੰਜ ਰੌਲਾਂ ਚਾਲੂ ਹਨ। ਜਿਉਂ ਜਿਉਂ ਸਰੀਰ ਔਂਦੇ ਹਨ ਰੌਲਾਂ ਵਧ ਰਹੀਆਂ ਹਨ। ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਸਾਧ ਸੰਗਤ ਜੋ ਚੰਡੀ ਦੀ ਵਾਰ ਦੇ ਪਾਠ ਕਰ ਸਕਦੀ ਹੋਵੇ ਜੇ ਹੋਲੇ ਤੋਂ ੧੦–੧੫ ਦਿਨ ਪਹਿਲੋਂ ਦਰਸ਼ਨ ਦੇਣ ਦੀ ਖੇਚਲ ਕਰੇ ਤਾਂ ਸਵਾ ਲਖ ਪਾਠ ਦਾ ਭੋਗ ਹੋਲੇ ਉਤੇ ਹੀ ਪੈ ਜਾਵੇ। ਘਟੋ ਘਟ ੪–੫ ਸੌ ਆਦਮੀਆਂ ਦਾ ਔਣਾਂ ਜਰੂਰੀ ਹੈ। ਨਹੀਂ ਤੇ ਸਾਧ ਸੰਗਤ ਦੀ ਰਜਾ। ਪਾਠ ਚਲਦਾ ਰਹੇਗਾ। ਬੰਧਨ ਕਿਸੇ ਨੂੰ ਨਹੀਂ। ਜਿੰਨੇ ਦਿਨ ਕੋਈ ਖੁਸ਼ੀ ਨਾਲ ਪਾਠ ਕਰਨਾ ਚਾਹੇ ਕਰੇ ਤੇ ਜਦੋਂ ਰਜ਼ਾ ਹੋਵੇ ਚਲਿਆ ਜਾਵੇ।

ਹੋਲੇ ਦੀਆਂ ਤਾਰੀਖਾਂ ਏਸ ਤਰਾਂ ਹਨ–

ਸੰਮਤ ਬਿਕ੍ਰਮੀ–੨-੩–੪ ਚੇਤਰ ੨੦੧੩ ਸੰਨ ਈਸਵੀ–੧੫–੧੬ ੧੭ ਮਾਰਚ ਵਾਰ–ਸੁਕ੍ਰ–ਸ਼ਨੀ–ਤੇ ਐਤਵਾਰ।

ਭੋਗ ਐਤਵਾਰ ਨੂੰ ਸੁਭਾ ਦੇ ਸਮੇਂ ਪਵੇਗਾ। ਸੰਗਤਾਂ ਨੂੰ ਪਿਛਲੇ ਸਾਲਾਂ ਦੀ ਤਰਾਂ ਹੁਮ ਹਮਾਕੇ ਦਰਸ਼ਨ ਦੇਣੇ ਚਾਹੀਦੇ ਹਨ।।

ਸ੍ਰੀ ਭੈਣੀ ਸਾਹਿਬ ਪਹੁੰਚਣ ਦੇ ਰਸਤੇ ਤੋਂ ਤਾਂ ਤੁਸੀ ਜਾਣੂ ਹੀ ਹੋ। ਪਰ ਜੇ ਨਹੀਂ ਤਾਂ ਸਭ ਤੋਂ ਪਹਿਲੋ ਪੰਜਾਬ ਦੇ ਮਸ਼ਹੂਰ ਸ਼ਹਿਰ ਲੁਧਿਆਣੇ ਪਹੁੰਚੋ! ਏਸ ਸ਼ਹਿਰ ਦਾ ਮੇਲ ਸੜਕਾਂ ਤੇ ਗਡੀਆਂ ਰਾਹੀਂ ਹਰ ਜਗਾ ਨਾਲ ਹੈ ਜਿਸ ਕਰਕੇ ਕਿਸੇ ਨੂੰ ਕੋਈ ਦਿਕਤ ਨਹੀਂ ਪੇਸ਼ ਆ ਸਕਦੀ। ਏਥੇ ਪਹੁੰਚ ਕੇ ਭੈਣੀ ਸਾਹਿਬ ਜਾਣ ਲਈ ਲਾਟੋ ਦੇ ਅਡੇ ਤੇ ਪਹੁੰਚ ਜਾਓ ਤੇ ਲਾਟੋਂ ਦੀ ਟਿਕਟ ਲੈਕੇ ਮੋਟਰ ਤੇ ਬੈਠ ਜਾਓ। ਪੂਰੀ ਬਸ ਜੇ ਭੈਣੀ ਸਾਹਿਬ ਦੀਆਂ ਸਵਾਰੀਆਂ ਨਾਲ ਹੀ ਭਰ ਜਾਵੇ ਤਾਂ ਓਹ ਤੋੜ ਮੇਲੇ ਵਿਚ ਤੁਹਾਨੂੰ ਛਡ ਆਵੇਗੀ। ਦੋ ਚਾਰ ਆਨੇ ਵਧ ਜਰੂਰ ਲਗਣਗੇ।

ਨੋਟ:–ਲੰਗਰ ਗੁਰੂ ਕਾ ਵਰਤੇਗਾ। ਬਿਸਤ੍ਰੇ ਲੋੜ ਅਨੁਸਾਰ **ਜ਼ਰੂਰ** ਲਈ ਔਣੇ।

ਧੰਨਵਾਦ ਸਹਿਤ–

ਮੈਨੇਜਰ–ਮੇਲਾ ਵਿਭਾਗ

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ ਵਿਖੇ ਗੁਰਦਿਆਲ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ ਤੇ 'ਦਫਤਰ ਸਤਿਜੁਗ' ਸ੍ਰੀ ਜੀਵਨ ਨਗਰ ਵਿਚੋਂ ਪ੍ਰਕਾਸ਼ਤ ਹੋਇਆ। [ਐਡੀਟਰ ਗੁਰਦਿਆਲ ਸਿੰਘ

Namdhari Elibrary NamdhariElibrary@gmail.com

ਸੁਨੇਹੜਾ

ਭੇਟਾ:– ਸ੍ਰੀ ਸਤਿਗੁਰੂ ਜੀ ਨੂੰ

ਵਲੋਂ ਦਲਬੀਰ ਜੀ 'ਤਰਸ' (ਮੁਠਡਵੀਂ) ਅਸਟ੍ਰੇਲੀਆ

ਗਿਐਂ ਵਰਨ ਅਜ਼ਾਦੀ ਨੂੰ ਬੰਨ ਸਿਹਰਾ, ਲਾੜੀ ਭੇਜਕੇ ਆਪ ਨਾ ਦੇਸ਼ ਆਇਓਂ।
ਹਥੀਂ ਸੁਕਕੇ ਫੁਲਾਂ ਦੇ ਹਾਰ ਰਹਿ ਗਏ, ਸੁਹਣਾ ਗਲਾ ਨਾ ਲੈ ਨਰੇਸ਼ ਆਇਓਂ।
ਕਾਲੀ ਕੰਬਲੀ ਵਿਚ ਨਾ ਚੰਨ ਦਿਸੇ, ਭਾਵੇਂ ਯਾਦਾਂ ਦੇ ਵਿਚ ਹਮੇਸ਼ ਆਇਓਂ।
ਤੈਨੂੰ ਭੈਣੀ ਦੀ ਰੇਤ ਪੁਕਾਰਦੀ ਏ, ਕਿਉਂ ਨਾ ਧਾਰਕੇ ਚੋਜੜਾ ਭੇਸ ਆਇਓਂ।
ਲਖਾਂ ਧੜਕਣਾਂ ਦਿਲੀ ਛੁਪਾ ਬੈਠਾ, ਤੈਨੂੰ ਮਿਲਣ ਦੀ ਤੜਪ ਪਰ ਲੁਕਦੀ ਨਹੀ।
ਤੇਰੇ ਰਾਹਾਂ ਵਿਚ ਨਿਗਾ ਵਛਾਈ ਜਾਵਾਂ, ਭਾਵੇਂ ਹੰਝੂਆਂ ਦੀ ਨਦੀ ਸੁਕਦੀ ਨਹੀਂ।
ਤੂੰ ਤੇ ਕਿਹਾ ਸੀ ਪਰਤਕੇ ਦੇਸ਼ ਆਸਾਂ, ਜਦੋਂ ਬਿਲੇ ਦਾ ਨਹੀਂ ਨਿਸ਼ਾਨ ਹੋਸੀ।
ਇਕ ਬੂਟ ਦੀ ਹੁਡ ਤੜਪਾਏ ਨਾ ਲਖ, ਧੌਣ ਗਊ ਦੀ ਨਹੀਂ ਕੁਰਬਾਨ ਹੋਸੀ।
ਭਾਈ ਭਾਈ ਦੇ ਵਿਚ ਵਿਰੋਧ ਨਾ ਰਹੇ, ਇਕ ਦੂਸਰੇ ਦੀ ਬਣੀ ਜਾਨ ਹੋਸੀ।
ਝੂਠ ਲੋਭ ਮੋਹ ਹੰਕਾਰ ਨੂੰ ਛਡ, ਕੋਈ ਵਸ ਰਿਹਾ ਨਵਾਂ ਜਹਾਨ ਹੋਸੀ।
ਸਭ ਬਚਨ ਦੇ ਪੂਰਨੇ ਪਾਈ ਬੈਠੀ, ਤੈਨੂੰ ਅਜੇ ਭੀ ਨਗਰੀਆਂ ਢੁਕਦੀ ਨਹੀਂ?
ਤੇਰੇ ਰਾਹਾਂ ਵਿਚ ਨਿਗਾ ਵਛਾਈ ਜਾਵਾਂ, ਭਾਵੇਂ ਹੰਝੂਆਂ ਦੀ ਨਦੀ ਸੁਕਦੀ ਨਹੀਂ।
ਗਲੀਂ ਵਾਲ ਤੇ ਦਿਲਾਂ ਦੇ ਵਿਚ ਤਾਂਘਾਂ, ਤਕੇ ਜਾਣ ਨਾ ਵੈਣ ਬੈਰਾਨਿਆਂ ਦੇ।
ਕੂਕ ਇਕ ਦੀ ਅਰਸ਼ ਰੁਵਾ ਦੇਵੇ, ਏਥੇ ਲਖਾਂ ਨੇ ਬੋਲ ਮਸਤਾਨਿਆਂ ਦੇ।
ਸੁਚੇ ਨਾਮ ਦੀ ਲੋਰ ਖੁਮਾਰ ਚਾੜੇ, ਦਿਲ ਕੁਦਦੇ ਸਿਦਕ ਦੀਵਾਨਿਆਂ ਦੇ।
ਤੇਰੇ ਦੀਦ ਦੀ ਸ਼ਮਾਂ ਤੇ ਝੂਮਣੇ ਲਈ, ਪਰ ਫਰਕਦੇ ਚੰਨਾਂ ਪਰਵਾਨਿਆਂ ਦੇ।
ਮੇਰੀ ਝੂਲਦੀ ਬੇੜੀਆ ਚਲੀ ਆਵੇ, ਮਾਰੂ ਛਲਾਂ ਤੂਫਾਨਾਂ ਤੋਂ ਰੁਕਦੀ ਨਹੀਂ।
ਤੇਰੇ ਰਾਹਾਂ ਵਿਚ ਨਿਗਾਹ ਵਛਾਈ ਜਾਵਾਂ, ਭਾਵੇਂ ਹੰਝੂਆਂ ਦੀ ਨਦੀ ਸੁਕਦੀ ਨਹੀਂ।
ਮੈਨੂੰ ਦਰਸ ਦੀ ਮਿਲੀ ਨਾ ਟੋਹ ਕਿਧਰੇ, ਅਖ ਦੋਰ ਤੋਂ ਭਾਲ ਹੈਰਾਨ ਹੋਈ।
ਲਖਾਂ ਹਵਨ ਕੀਤੇ ਲਖਾਂ ਭੋਗ ਪਾਏ, ਅਜੇ ਤਕ ਨਹੀਂ ਮੰਗ ਪਰਵਾਨ ਹੋਈ।
ਧੁਨ ਨਾਮ ਦੀ ਗੂੰਜਦੀ ਢੋਲਕਾਂ ਵਿਚ, ਨਹੀਂ ਮੂਰਤੀ ਤੇਰੀ ਸਵਾਧਾਨ ਹੋਈ।
ਦੋਵੇਂ ਬਾਲ ਜਵਾਨੜੀ ਭਾਲ ਥਕੇ, ਹੁਣ ਬੁਢੜੀ ਜਾਨ ਵੈਰਾਨ ਹੋਈ।
ਜਾਨ ਜਾਏ ਤੇ ਮੁਕ ਬੇਸ਼ਕ ਜਾਏ, ਤੈਨੂੰ ਮਿਲਣ ਦੀ ਆਸ ਪਰ ਮੁਕਦੀ ਨਹੀਂ।
ਤੇਰੇ ਰਾਹਾਂ ਵਿਚ ਨਿਗਾ ਵਛਾਈ ਜਾਵਾਂ, ਭਾਵੇਂ ਹੰਝੂਆਂ ਦੀ ਨਦੀ ਸੁਕਦੀ ਨਹੀਂ।

Namdhari Elibrary NamdhariElibrary@gmail.com